1920 ਤੋਂ

ਜਿਲਦ 106
ਨੰਬਰ 6

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

੧੯ ਚੇਤਰ ਤੋਂ ੩ ਵੈਸਾਖ ੨੦੮੨ ਬਿ.
01 to 15 April 2026

# ਸਤਿਜੁਗ



10/-

# ਇਲਾਕਾ ਸ੍ਰੀ ਜੀਵਨ ਨਗਰ 10 km ਦੌੜ ਕਰਵਾਈ ਗਈ

ਮਿਤੀ: 03.03.2026












# ਸਤਿਜੁਗ


੧੯ ਚੇਤਰ ਤੋਂ ੩ ਵੈਸਾਖ ੨੦੮੨ ਬਿ.
1 ਤੋਂ 15 ਅਪ੍ਰੈਲ 2026 ਈ.
ਜਿਲਦ 106, ਨੰਬਰ 6



ਸਲਾਹਕਾਰ ਮੈਂਬਰ

ਸੁਵਰਨ ਸਿੰਘ ਵਿਰਕ, ਸੰਤ ਨਿਸ਼ਾਨ ਸਿੰਘ, ਹਰਪਾਲ ਸਿੰਘ ਸੇਵਕ, ਗੁਰਭੇਜ ਸਿੰਘ ਗੁਰਾਇਆ

ਸੰਪਾਦਕ: ਗੁਰਲਾਲ ਸਿੰਘ
Editor: Gurlal Singh

Co. Editor - Dr. Khleel Khan, Gurbhagat Singh
ਸਹਿ ਸੰਪਾਦਕ: ਡਾ. ਖਲੀਲ ਖਾਨ, ਗੁਰਭਗਤ ਸਿੰਘ



*Printed and Published by Mr. Harvendra Singh Hanspal on behalf of Namdhari Darbar. Printed at Summit advertising press, 2DLF (Part), Moti Nagar, New Delhi and Published from Namdhari Gurdwara, Ramesh Nagar, New Delhi-110015.*

THE SATJUG
Namdhari Gurdwara
Ramesh Nagar, New Delhi-15
RNI No. 55658/93
LDM/008/2021-2023

***Designed and Typeset:***
ਤਰਨ ਬੱਲ
ਯੁਵਰਾਜ ਸਿੰਘ



ਪੱਤਰ ਵਿਹਾਰ ਦਾ ਪਤਾ :
ਸਤਿਜੁਗ
ਗੁਰਦੁਆਰਾ ਸ੍ਰੀ ਭੈਣੀ ਸਾਹਿਬ,
ਲੁਧਿਆਣਾ, ਪੰਜਾਬ-141126
ਫੋਨ : 97800-97898,
99147-02201
*Email- Satjug@sribhainisahib.com*


# ਤਤਕਰਾ


* ਸੰਪਾਦਕੀ....................4
* ਗੁਰਬਾਨੀ ਵਿਆਖਿਆ....................6
* ਉਪਦੇਸ਼ ਸ੍ਰੀ ਸਤਿਗੁਰੂ ਉਦੇ ਸਿੰਘ ਜੀ....................8
* ਸਾਧ ਸੰਗਤ ਦੇ ਜਾਹੋ ਜਲਾਲ ਦਾ ਠਾਠਾਂ ਮਾਰਦਾ ਸੈਲਾਬ
  ਡਾ. ਲਖਵੀਰ ਸਿੰਘ ਰਾਮਪੁਰਾ ਫੂਲ....................9
* ਸੰਤ ਨਿਹਾਲ ਸਿੰਘ ਰਚਿਤ ਬਾਰਾਂਮਾਹ: ਰਾਜਸੀ ਚੇਤਨਾ
  ਡਾ. ਕਿਰਨਪਾਲ ਸਿੰਘ....................15
* ਬੀਤੇ ਦੀਆਂ ਪੈੜਾਂ (ਅਣਛਪਿਆ ਭਾਗ)
  ਸਵ. ਪ੍ਰੀਤਮ ਸਿੰਘ ਕਵੀ....................18
* ਅੱਖੀਂ ਡਿੱਠਾ ਕਿੱਸਾ ਕੀਤਾ
  ਸੰਪਾ: ਸੁਵਰਨ ਸਿੰਘ ਵਿਰਕ....................20
* MURDER OFBEEF BUTCHERS BY KUKAS
  Dr. Gurdev Singh Sidhu....................22
* ਖ਼ਬਰਨਾਮਾ....................30


ਨੋਟ- ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕੀ ਬੋਰਡ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

੧ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ
ਸਤਜੁਗਿ ਸਚੁ ਕਹੈ ਸਭੁ ਕੋਈ॥
ਸਤਜੁਗ
ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੁਆਰਾ ੧੯੭੭ ਬਿ. (1920 ਈ:) ਤੋਂ ਸਥਾਪਿਤ

## ਸੰਪਾਦਕੀ

ਖਾਲਸਾਈ ਚੜਦੀ ਕਲਾ ਅਤੇ ਜਾਹੋ ਜਲਾਲ ਦਾ ਪ੍ਰਤੀਕ ਹੋਲਾ ਮਹੱਲਾ ਇਸ ਸਾਲ ਸ੍ਰੀ ਗੁਰੂ ਜੀ ਦੇ ਹੁਕਮ ਨਾਲ ਸ੍ਰੀ ਮਸਤਾਨਗੜ੍ਹ ਮਨਾਇਆ ਗਿਆ। ਹਰ ਸਾਲ ਹੋਲਾ ਮਹੱਲਾ ਨਵੀਂ ਊਰਜਾ ਅਤੇ ਉਮੰਗ ਨਾਲ ਮਨਾਇਆ ਜਾਂਦਾ ਹੈ। ਨਾਮਧਾਰੀ ਸਿੱਖ ਸੰਗਤ ਕੀਰਤਨ, ਕਥਾ, ਦੀਵਾਨ, ਲੈਕਚਰ ਸੁਣ ਗੁਰੂ ਉਪਦੇਸ਼ ਧਾਰਨ ਕਰ, ਸੇਵਾ ਸਿਮਰਨ ਕਰਦਿਆਂ ਹੋਲਾ ਮਨਾਉਂਦੀ ਹੈ।

ਆਂਬਨ ਕੀ ਬੂਰ ਨੇ ਵਿਯੋਗੀ ਬ੍ਰਿੰਦ ਬੋਰੇ ਕੀਨ
ਫੂਲ ਹੈ ਪਲਾਸ ਕੋ ਕਿ ਆਸਤ ਕੋ ਗੋਲਾ ਹੈ।
ਕੇਤਕੀ ਰਵੇਲ ਜੂ ਹੀ ਚੰਪਕ ਚੰਬੇਲੀ ਕੁੰਦ
ਕੇਵੜੋ ਗੁਲਾਬ ਕੋ ਹਿਸਾਬ ਤੋ ਅਤੋਲਾ ਹੈ।
ਫੈਲਗੀ ਸੁਗੰਧ ਕੀ ਝਕੋਰ ਤੋਂ ਚਹੂੰ-ਚਾਰੁ
ਪੰਥ ਕੇ ਚਲੱਯਾ ਲੋਟ ਗੇਰ ਕੋ ਚਢੋਲਾ ਹੈ।
ਦੇਵੀ ਦੇਵ ਸਿਧਨ ਕੀ ਲੋਕ ਮੈਂ ਪ੍ਰਸਿੱਧ ਹੋਲੀ
ਸ੍ਰੀ ਗੁਰੂ ਗੋਬਿੰਦ ਸਿੰਘ ਜੂ ਕੋ ਆਜ ਹੋਲਾ ਹੈ।

ਸਤਿਗੁਰੂ ਰਾਮ ਸਿੰਘ ਜੀ ਨੇ ਹੋਲੇ ਮਹੱਲਿਆਂ ਨੂੰ ਆਮ ਨਗਰਾਂ ਵਿਚ ਮਨਾਇਆ ਤਾਂ ਕਿ ਹਰ ਵਰਗ ਦਾ ਬੰਦਾ ਇਸ ਆਲੌਕਿਕ ਰੰਗ ਮਾਣ ਸਕੇ। ਹਜ਼ੂਰ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਇਲਾਕਾ ਸ੍ਰੀ ਜੀਵਨ ਨਗਰ ਵਿਚ ਇਹ ਦੂਜਾ ਹੋਲਾ ਮਨਾਇਆ ਗਿਆ। ਇਹ ਇਲਾਕਾ ਦੇਸ਼ ਦੀ ਵੰਡ ਤੋਂ ਪਹਿਲਾਂ ਹੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਵੱਲੋਂ ਪਸੰਦ ਕਰ ਸਿੱਖਾਂ ਲਈ ਰੱਖਿਆ ਸੀ। ਫਰਵਰੀ 1947 ਵਿੱਚ ਆਪ ਜੀ ਨੇ ਚੁਰੂ ਦੇ ਸੇਠਾਂ ਕੋਲੋਂ ਤਿੰਨ ਪਿੰਡਾਂ ਦੀ ਲਗਭਗ 12,430 ਏਕੜ ਜ਼ਮੀਨ ਰਜਿਸਟਰੀ ਕਰਵਾ ਕੇ ਖਰੀਦੀ। ਉਸ ਸਮੇਂ ਦੇਸ਼ ਦੇ ਹਾਲਾਤ

ਤੇਜ਼ੀ ਨਾਲ ਬਦਲ ਰਹੇ ਸਨ ਅਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਆਪਣੀ ਦੂਰਦ੍ਰਿਸ਼ਟੀ ਨਾਲ ਇਹ ਮਹਿਸੂਸ ਕਰ ਚੁੱਕੇ ਸਨ ਕਿ ਸਿਆਸੀ ਨੇਤਾਵਾਂ ਨੇ ਲੋਕਾਂ ਨੂੰ ਕਿਸਮਤ ਦੇ ਸਹਾਰੇ ਛੱਡ ਦਿੱਤਾ ਹੈ ਅਤੇ ਦੇਸ਼ ਦੀ ਵੰਡ ਨਾਲ ਵੱਡੀ ਤਬਾਹੀ ਹੋਵੇਗੀ।

ਲੇਖਕ ਤਰਨ ਸਿੰਘ ਵਹਿਮੀ ਆਪਣੇ ਗ੍ਰੰਥ ਜਸ ਜੀਵਨ ਵਿੱਚ ਇਕ ਮਹੱਤਵਪੂਰਨ ਮੁਲਾਕਾਤ ਦਾ ਜ਼ਿਕਰ ਕਰਦੇ ਹਨ। ਉਹ ਲਿਖਦੇ ਹਨ ਕਿ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਮਹਾਤਮਾ ਗਾਂਧੀ ਜੀ ਨੂੰ ਮਿਲ ਕੇ ਕਿਹਾ ਕਿ ਜੇ ਦੇਸ਼ ਦੀ ਵੰਡ ਹੋਈ ਤਾਂ ਭਿਆਨਕ ਲੁੱਟਮਾਰ ਅਤੇ ਕਤਲੋਗਾਰਤ ਹੋਵੇਗੀ। ਉਸ ਵੇਲੇ ਮਹਾਤਮਾ ਗਾਂਧੀ ਜੀ ਦੋ ਲੜਕੀਆਂ ਦੇ ਸਹਾਰੇ ਤੁਰ ਰਹੇ ਸਨ। ਸਤਿਗੁਰੂ ਜੀ ਨੇ ਉਨ੍ਹਾਂ ਵੱਲ ਇਸ਼ਾਰਾ ਕਰਦੇ ਹੋਏ ਕਿਹਾ ਕਿ ਜਦੋਂ ਇੱਜ਼ਤਾਂ ਉੱਤੇ ਹਮਲੇ ਹੋਣਗੇ ਤਾਂ ਕੀ ਕਰਾਂਗੇ? ਇਸ ਗੱਲ ਉੱਤੇ ਮਹਾਤਮਾ ਗਾਂਧੀ ਲਾਚਾਰ ਹੋ ਕੇ ਚੁੱਪ ਰਹਿ ਗਏ। ਇਸ ਤੋਂ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਇਹ ਸਪਸ਼ਟ ਹੋ ਗਿਆ ਕਿ ਹੁਣ ਦੇਸ਼ ਦੇ ਮਾਮਲੇ ਸਿਆਸੀ ਨੇਤਾਵਾਂ ਦੇ ਹੱਥੋਂ ਨਿਕਲ ਚੁੱਕੇ ਹਨ।

ਇਸ ਲਈ ਸਤਿਗੁਰੂ ਜੀ ਨੇ ਆਪਣੇ ਸਿੱਖਾਂ ਨੂੰ ਬਚਾਉਣ ਲਈ ਪਹਿਲਾਂ ਹੀ ਪ੍ਰਬੰਧ ਕਰਨੇ ਸ਼ੁਰੂ ਕਰ ਦਿੱਤੇ। 1947 ਵਿੱਚ ਪੱਛਮੀ ਪੰਜਾਬ ਅੰਦਰ ਬੇਦਾਦ ਸ਼ੇਖੂਪੁਰੇ ਵਿਖੇ ਹੋਏ ਆਖਰੀ ਹੋਲੇ ਸਮੇਂ ਆਪ ਜੀ ਨੇ ਐਲਾਨ ਕੀਤਾ ਕਿ ਸਾਰੇ ਨਾਮਧਾਰੀ ਸਿੱਖ ਰਾਵੀ ਦਰਿਆ ਤੋਂ ਪਾਰ ਸੁਰੱਖਿਅਤ ਥਾਵਾਂ ਵੱਲ ਚਲੇ ਜਾਣ, ਕਿਉਂਕਿ ਦੇਸ਼ ਦੀ ਵੰਡ ਹੋਣ ਵਾਲੀ ਹੈ ਅਤੇ ਹਾਲਾਤ ਬਹੁਤ ਖਰਾਬ ਹੋਣ ਵਾਲੇ ਹਨ।

ਉਸ ਸਮੇਂ ਬਹੁਤ ਸਾਰੇ ਲੋਕਾਂ ਨੇ ਇਸ ਗੱਲ ਨੂੰ ਗੰਭੀਰਤਾ ਨਾਲ ਨਹੀਂ ਲਿਆ ਅਤੇ ਕੁਝ ਗੈਰ-ਨਾਮਧਾਰੀਆਂ ਨੇ ਤਾਂ ਨਾਮਧਾਰੀਆਂ ਦਾ ਮਜ਼ਾਕ ਵੀ ਉਡਾਇਆ। ਪਰ ਜਦੋਂ ਮੁਹੰਮਦ ਅਲੀ ਜਿਨਾਹ ਦੀ ਅਗਵਾਈ ਵਿੱਚ ਪਾਕਿਸਤਾਨ ਬਣਿਆ ਅਤੇ ਦੇਸ਼ ਦੀ ਵੰਡ ਹੋਈ ਤਾਂ ਭਿਆਨਕ ਕਤਲੋਗਾਰਤ, ਲੁੱਟਮਾਰ ਅਤੇ ਬੇਇੱਜ਼ਤੀ ਦੇ ਦ੍ਰਿਸ਼ ਸਾਹਮਣੇ ਆਏ। ਇਹ ਘਟਨਾ ਮਨੁੱਖੀ ਇਤਿਹਾਸ ਦੀਆਂ ਸਭ ਤੋਂ ਦੁਖਦਾਈ ਤਬਾਹੀਆਂ ਵਿੱਚੋਂ ਇੱਕ ਮੰਨੀ ਜਾਂਦੀ ਹੈ।

ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਪਹਿਲਾਂ ਹੀ ਆਪਣੇ ਸਿੱਖਾਂ ਨੂੰ ਅਲਰਟ ਕੀਤਾ ਸੀ। ਇਸ ਕਰਕੇ ਜਦੋਂ ਹਾਲਾਤ ਖਰਾਬ ਹੋਏ ਤਾਂ ਬਹੁਤ ਸਾਰੇ ਨਾਮਧਾਰੀ ਪਰਿਵਾਰ ਪਹਿਲਾ ਹੀ ਪੱਛਮੀ ਪੰਜਾਬ ਤੋਂ ਉੱਠ ਕੇ ਹਿਸਾਰ ਜ਼ਿਲ੍ਹੇ ਦੇ ਸ੍ਰੀ ਜੀਵਨ ਨਗਰ ਇਲਾਕੇ ਵਿੱਚ ਆ ਵੱਸੇ ਸੀ। ਸਤਿਗੁਰੂ ਜੀ ਨੇ ਉਨ੍ਹਾਂ ਲਈ ਕਈ ਤਰ੍ਹਾਂ ਦੇ ਪ੍ਰਬੰਧ ਕਰ ਰੱਖੇ ਸਨ ਦੁੱਧ ਲਈ ਗਾਵਾਂ ਖਰੀਦੀਆਂ, ਰਹਿਣ ਲਈ ਥਾਵਾਂ ਬਣਵਾਈਆਂ ਅਤੇ ਆਉਣ ਵਾਲੇ ਸਰਦੀ ਦੇ ਮੌਸਮ ਨੂੰ ਧਿਆਨ ਵਿੱਚ ਰੱਖਦਿਆਂ ਹੋਰ ਜ਼ਰੂਰੀ ਤਿਆਰੀਆਂ ਵੀ ਕਰਵਾਈਆਂ।

ਬਾਅਦ ਵਿੱਚ ਪੁਨਰਵਸੇਬਾ ਵਿਭਾਗ ਨਾਲ ਇਹ ਪ੍ਰਬੰਧ ਕਰਵਾਇਆ ਗਿਆ ਕਿ ਪਾਕਿਸਤਾਨ ਦੇ ਵੱਖ-ਵੱਖ ਜ਼ਿਲ੍ਹਿਆਂ ਸ਼ੇਖੂਪੁਰਾ, ਗੁਜਰਾਂਵਾਲਾ, ਸਿਆਲਕੋਟ, ਡੇਰਾ ਗਾਜ਼ੀ ਖਾਨ ਅਤੇ ਮੁਲਤਾਨ ਆਦਿ ਤੋਂ ਆਉਣ ਵਾਲੇ ਨਾਮਧਾਰੀਆਂ ਦੀਆਂ ਜ਼ਮੀਨਾਂ ਸ੍ਰੀ ਜੀਵਨ ਨਗਰ ਦੇ ਇਲਾਕੇ ਵਿੱਚ ਪਵਾਈਆਂ ਗਈਆਂ।

ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਇਸ ਇਲਾਕੇ ਦੀ ਖੁਦ ਸਥਾਪਨਾ ਕੀਤੀ ਅਤੇ ਆਏ ਹੋਏ ਲੋਕਾਂ ਵਿੱਚ ਜ਼ਮੀਨਾਂ ਦੀ ਵੰਡ ਵੀ ਆਪਣੇ ਹੱਥਾਂ ਨਾਲ ਕੀਤੀ। ਪਹਿਲਾਂ ਖਰੀਦੇ ਗਏ ਪਿੰਡਾਂ ਦੇ ਨਾਮ ਬਦਲੇ ਗਏ-

- ਚੁਚਾਲ ਕੋਟਲੀ ਦਾ ਨਾਮ ਸ੍ਰੀ ਜੀਵਨ ਨਗਰ ਰੱਖਿਆ ਗਿਆ
- ਜਗਮਲੇਰਾ ਦਾ ਨਾਮ ਸੰਤ ਨਗਰ ਰੱਖਿਆ ਗਿਆ
- ਅਲੀਪੁਰ ਦਾ ਨਾਮ ਹਰੀਪੁਰਾ ਰੱਖਿਆ ਗਿਆ
- ਕੰਜਰਵਾਲ ਦਾ ਨਾਮ ਦਮਦਮਾ ਰੱਖਿਆ ਗਿਆ

ਇਸ ਤਰ੍ਹਾਂ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਇਸ ਇਲਾਕੇ ਦੀ ਪੂਰੀ ਕਾਇਆਕਲਪ ਕਰ ਦਿੱਤੀ। ਸਮਾਂ ਬੀਤਣ ਉਪਰੰਤ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਸਤਿਗੁਰੂ ਜਗਜੀਤ ਸਿੰਘ ਜੀ ਨੇ ਨਾਮਧਾਰੀ ਪੰਥ ਦੀ ਵਾਗਡੋਰ ਸੰਭਾਲੀ। ਉਨ੍ਹਾਂ ਨੇ ਇਸ ਇਲਾਕੇ ਦੇ ਵਿਕਾਸ ਲਈ ਕਈ ਮਹੱਤਵਪੂਰਨ ਕੰਮ ਕਰਵਾਏ—ਸੜਕਾਂ ਬਣਵਾਈਆਂ ਅਤੇ ਹੋਰ ਢਾਂਚਾਗਤ ਸੁਵਿਧਾਵਾਂ ਤਿਆਰ ਕਰਵਾਈਆਂ।

ਅੱਜ ਇਸ ਪਵਿੱਤਰ ਧਰਤੀ 'ਤੇ ਸਤਿਗੁਰੂ ਉਦੇ ਸਿੰਘ ਜੀ ਦੀ ਕਿਰਪਾ ਨਾਲ ਹੋਲਾ ਮਹੱਲਾ ਮਨਾਇਆ ਗਿਆ, ਜਿਸ ਵਿੱਚ ਦੇਸ਼ ਅਤੇ ਵਿਦੇਸ਼ ਤੋਂ ਵੱਡੀ ਗਿਣਤੀ ਵਿੱਚ ਨਾਮਧਾਰੀ ਸੰਗਤ ਨਤਮਸਤਕ ਹੋਣ ਲਈ ਪਹੁੰਚੀ ਸੀ। ਇਸ ਸਮਾਗਮ ਦੌਰਾਨ ਸੰਗਤ ਲਈ ਰਹਿਣ, ਭੋਜਨ ਅਤੇ ਸੇਵਾ ਦੇ ਬੇਹੱਦ ਵਧੀਆ ਪ੍ਰਬੰਧ ਕੀਤੇ ਗਏ ਸੀ। ਇਲਾਕੇ ਦੀ ਸੰਗਤ ਨੇ ਵੱਧ ਚੜ ਕੇ ਸੇਵਾ ਕੀਤੀ।

# ਗੁਰਬਾਣੀ ਵਿਆਖਿਆ - ਆਸਾ ਦੀ ਵਾਰ

**ਮः ੧ ॥**

**ਸਚੁ ਤਾ ਪਰੁ ਜਾਣੀਐ ਜਾ ਰਿਦੈ ਸਚਾ ਹੋਇ ॥**
ਸੱਚ ਨੂੰ ਮਨੁੱਖ ਤਾਂ ਹੀ ਜਾਣ ਸਕਦਾ ਹੈ, ਜੇ ਪਹਿਲੋਂ ਉਸਦਾ ਹਿਰਦਾ ਸੱਚਾ ਹੋਵੇ।
One can only understand the truth when one's heart and mind become honest

**ਕੂੜ ਕੀ ਮਲੁ ਉਤਰੈ ਤਨੁ ਕਰੇ ਹਛਾ ਧੋਇ ॥**
ਦੇਹੀ ਨੂੰ ਬੁਰਿਆਈਆਂ ਤੋਂ ਚੰਗੀ ਤਰ੍ਹਾਂ ਸੋਧਣ ਨਾਲ ਹੀ ਸਰੀਰ ਝੂਠ ਦੀ ਮੈਲ ਤੋਂ ਮੁਕਤ ਹੋ ਸਕਦਾ ਹੈ।
Once the dirt of falsehood is scrubbed from the mind,
the body is truly washed clean.

**ਸਚੁ ਤਾ ਪਰੁ ਜਾਣੀਐ ਜਾ ਸਚਿ ਧਰੇ ਪਿਆਰੁ ॥**
ਸੱਚ ਨੂੰ ਮਨੁੱਖ ਤਾਂ ਹੀ ਜਾਣ ਸਕਦਾ ਹੈ, ਜੇ ਉਸਨੂੰ ਅੰਦਰੋਂ ਸੱਚ ਨਾਲ ਪ੍ਰੇਮ ਹੋਵੇ।
Truth can be understood only when one develops love with God.

**ਨਾਉ ਸੁਣਿ ਮਨੁ ਰਹਸੀਐ ਤਾ ਪਾਏ ਮੋਖ ਦੁਆਰੁ ॥**
ਸੱਚੇ ਨਾਮ ਨੂੰ ਸੁਣਦਿਆਂ ਹੀ ਮਨ ਖਿੜ ਜਾਵੇ ਤਾਂ ਮੁਕਤੀ ਦਾ ਦਰਵਾਜ਼ਾ ਨਜ਼ਰ ਆਉਂਦਾ ਹੈ।
When one's mind is fascinated upon hearing the God's name,
does one attain the door to salvation.

**ਸਚੁ ਤਾ ਪਰੁ ਜਾਣੀਐ ਜਾ ਜੁਗਤਿ ਜਾਣੈ ਜੀਉ ॥**
ਸੁਚੱਜੀ ਜੀਵਨ ਦੀ ਸੋਝੀ ਹੋਣ ਵਾਲੇ ਨੂੰ ਸੱਚ ਦੀ ਪ੍ਰਾਪਤੀ ਹੁੰਦੀ ਹੈ।
Truth is known when one realises the reality of life.

**ਧਰਤਿ ਕਾਇਆ ਸਾਧ ਕੈ ਵਿਚਿ ਦੇਇ ਕਰਤਾ ਬੀਉ ॥**
ਸਰੀਰ ਰੂਪ ਧਰਤੀ ਨੂੰ ਵਾਹ ਕੇ ਵਿੱਚ ਸਿਮਰਨ ਰੂਪ ਬੀਜ ਬੀਜੇ।
By concentrating the mind one should sow the seeds of meditation.

**ਸਚੁ ਤਾ ਪਰੁ ਜਾਣੀਐ ਜਾ ਸਿਖ ਸਚੀ ਲੇਇ ॥**
ਸੱਚ ਤਾਂ ਹੀ ਜਾਣਿਆ ਜਾ ਸਕਦਾ ਹੈ, ਜੇਕਰ ਸੱਚੀ ਸਿਖਿਆ ਲਵੇ।
Truth can be understood only when one receives the true tutelage.

**ਦਇਆ ਜਾਣੈ ਜੀਅ ਕੀ ਕਿਛੁ ਪੁੰਨੁ ਦਾਨੁ ਕਰੇਇ ॥**
ਜੀਵਾਂ 'ਤੇ ਤਰਸ ਕਰੇ ਅਤੇ ਲੋੜਵੰਦਾਂ ਨੂੰ ਦਾਨ ਪੁੰਨ ਕਰੇ।
One should be merciful towards living beings and offer charity.

**ਸਚੁ ਤਾਂ ਪਰੁ ਜਾਣੀਐ ਜਾ ਆਤਮ ਤੀਰਥਿ ਕਰੇ ਨਿਵਾਸੁ॥**
ਸੱਚ ਤਾਂ ਹੀ ਜਾਣਿਆ ਜਾ ਸਕਦਾ ਹੈ, ਜੇਕਰ ਆਤਮ ਗਿਆਨ ਰੂਪ ਤੀਰਥ ਉੱਤੇ ਨਿਵਾਸ ਕਰ ਲਵੇ।
Truth can be known only when one resides in the pilgrimage
of one's soul (realizes oneself).

**ਸਤਿਗੁਰੂ ਨੋ ਪੁਛਿ ਕੈ ਬਹਿ ਰਹੈ ਕਰੇ ਨਿਵਾਸੁ॥**
ਸਤਿਗੁਰੂ ਨੂੰ ਪੁੱਛ ਕੇ ਭਾਵ ਗੁਰਮੁਖ ਹੋ ਕੇ ਨਿਵਾਸ ਕਰਕੇ ਟਿਕਿਆ ਰਹੇ।
One should concentrate upon oneself by acting on the commands of the Satguru.

**ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ॥**
ਸਭ ਅਗਿਆਨ ਦੇ ਰੋਗਾਂ ਦਾ ਇਲਾਜ ਸੱਚ ਤੋਂ ਹੀ ਹੋ ਸਕਦਾ ਹੈ, ਜੋ ਪਾਪਾਂ ਨੂੰ ਧੋ ਕੇ ਕੱਢ ਸਕਦਾ ਹੈ।
Truth is the medicine of all ignorance, it washes away the sins.

**ਨਾਨਕੁ ਵਖਾਣੈ ਬੇਨਤੀ ਜਿਨ ਸਚੁ ਪਲੈ ਹੋਇ॥੨॥**
ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਜਿਨ੍ਹਾਂ ਦੇ ਪੱਲੇ ਵਿੱਚ ਸੱਚ ਹੈ, ਉਨ੍ਹਾਂ ਅੱਗੇ ਮੈਂ ਵੀ ਬੇਨਤੀ ਕਰਦਾਂ ਹਾਂ ਕਿ ਮੈਨੂੰ ਵੀ ਸੱਚ ਮਿਲੇ।
Sri Guru Ji pleas to the truthful ones.

**ਪਉੜੀ॥**
**ਦਾਨੁ ਮਹਿੰਡਾ ਤਲੀ ਖਾਕੁ ਜੇ ਮਿਲੈ ਤ ਮਸਤਕਿ ਲਾਈਐ॥**
ਮੈ ਸੰਤਾਂ ਦੇ ਚਰਨਾਂ ਦੀ ਧੂੜੀ ਮੰਗਦਾ ਹਾਂ, ਜੇ ਇਹ ਮਿਲ ਜਾਵੇ ਤਾਂ ਮੱਥੇ ਨਾਲ ਲਾਉਣੀ ਚਾਹੀਦੀ ਹੈ।
I request for the dust of the saint's feet; if I receive this, I will apply it to my forehead

**ਕੂੜਾ ਲਾਲਚੁ ਛਡੀਐ ਹੋਇ ਇਕ ਮਨਿ ਅਲਖੁ ਧਿਆਈਐ॥**
ਝੂਠਾ ਲਾਲਚ ਛੱਡ ਕੇ, ਇਕਾਗਰ ਮਨ ਨਾਲ ਪ੍ਰਭੂ ਦਾ ਸਿਮਰਨ ਕਰਨਾ ਚਾਹੀਦਾ ਹੈ।
Renouncing greed, we should meditate single-mindedly on the imperceptible God.

**ਫਲੁ ਤੇਵੇਹੋ ਪਾਈਐ ਜੇਵੇਹੀ ਕਾਰ ਕਮਾਈਐ॥**
ਜਿਹੋ ਜਿਹੀ ਕਾਰ ਕਰਾਂਗੇ, ਉਹੋ ਜਿਹਾ ਹੀ ਫਲ ਪਾਵਾਂਗੇ।
One will reap as one sows.

**ਜੇ ਹੋਵੈ ਪੂਰਬਿ ਲਿਖਿਆ ਤਾ ਧੂੜਿ ਤਿਨ੍ਹਾ ਦੀ ਪਾਈਐ॥**
ਪਹਿਲੇ ਕੀਤੇ ਚੰਗੇ ਕਰਮਾਂ ਸਦਕਾ ਹੀ ਸੰਤਾਂ ਦੇ ਚਰਨਾਂ ਦੀ ਧੂੜ ਮਿਲਦੀ ਹੈ।
If it is pre-ordained, then one obtains the dust of the saint's feet.

**ਮਤਿ ਥੋੜੀ ਸੇਵ ਗਵਾਈਐ॥੧੦॥**
ਸੰਤਾਂ ਦੀ ਸੇਵਾ ਨਾਲ ਤੁੱਛ ਬੁੱਧੀ ਦੂਰ ਹੋ ਜਾਂਦੀ ਹੈ।
Service of the saints drives out ignorance.

ਨਾਮਧਾਰੀ ਨਿਤਨੇਮ ਸਟੀਕ ਵਿਚੋਂ

ਚਲਦਾ...

# ਉਪਦੇਸ਼ ਸ੍ਰੀ ਸਤਿਗੁਰੂ ਉਦੇ ਸਿੰਘ ਜੀ

**ਹੋਲਾ ਮਹੱਲਾ, ਸ੍ਰੀ ਮਸਤਾਨਗੜ੍ਹ** **8-3-2026**



ਇਹ ਹੋਲਾ ਹੋਇਆ ਹੈ, ਸਤਿਗੁਰੂ ਕੰਮ ਕਿਸੇ ਦੇ ਰਾਂਹੀ ਕਰਾਉਂਦਾ ਹੈ, ਇਹ ਉਦਮ ਦਿਖਾਇਆ ਸ. ਬਲਦੇਵ ਸਿੰਘ ਜੀ ਨੇ ਕਿਉਂਕਿ ਉਹਨਾਂ ਵਲੋਂ ਹੋਲਾ ਸੀ ਤੇ ਉਹਨਾਂ ਨੇ ਆਖਿਆ ਕਿ ਹੋਲਾ ਸਤਿਗੁਰੂ ਪ੍ਰਤਾਪ ਸਿੰਘ ਜੀ ਵਸਾਏ ਹੋਏ ਇਲਾਕੇ (ਜੀਵਨ ਨਗਰ) ਵਿਚ ਕੀਤਾ ਜਾਵੇ। ਸੋ ਇਹ ਉਹਨਾਂ (ਬਲਦੇਵ ਸਿੰਘ) ਦੇ ਰਾਂਹੀ ਕਿਰਪਾ ਹੋਈ ਹੋਲਾ ਇਥੇ ਹੋਇਆ। ਇਹ ਵੀ ਬੜੀ ਖੁਸ਼ੀ ਹੋਈ ਹੈ ਕਿ ਬਹੁਤ ਸਾਰੇ ਹੋਲਿਆਂ ਤੋਂ ਜਿਆਦਾ ਰੌਣਕ ਸੀ, ਸ਼ਾਇਦ ਭੈਣੀ ਸਾਹਿਬ ਵਿਚ ਵੀ ਇਨ੍ਹੀ ਰੌਣਕ ਨਹੀਂ ਹੁੰਦੀ। ਸਵੇਰ ਤੇ ਸ਼ਾਮ ਤੋਂ ਬਿਨ੍ਹਾਂ ਵੀ ਸਾਰਾ ਦਿਨ ਸੰਗਤ ਦੀ ਹਾਜ਼ਰੀ ਦੀਵਾਨ ਵਿਚ ਰਹਿੰਦੀ ਰਹੀ ਹੈ। ਤੁਸੀਂ ਦੀਵਾਨ ਸੁਣਦੇ ਰਹੇ ਹੋ ਸਵੇਰ ਤੋਂ ਲੈ ਕੇ ਦੇਰ ਰਾਤ ਤੱਕ ਦੀਵਾਨਾਂ ਵਿਚ ਉਸੇ ਤਰ੍ਹਾਂ ਰੌਣਕ ਰਹਿੰਦੀ ਰਹੀ ਹੈ।

ਦੂਸਰੀ ਜਿਹੜੀ ਚੀਜ ਦਾ ਮੈਂ ਸਮਝਦਾ ਬੜਾ ਵੱਡਾ ਲਾਭ ਹੋਇਆ, ਇਹ ਆਪਾਂ ਭੁਲ ਨਾ ਜਾਈਏ। ਜਿਹੜੀ ਸੇਵਾ ਹੋਈ ਹੈ, ਸਾਧ ਸੰਗਤ ਨੇ ਮਨ, ਤਨ, ਧਨ ਨਾਲ ਸੇਵਾ ਕੀਤੀ ਹੈ। ਹੋਲਾ ਸ਼ੁਰੂ ਹੋਣ ਤੋਂ ਕਈ ਦਿਨ ਪਹਿਲਾਂ ਸੇਵਾ ਸ਼ੁਰੂ ਹੋ ਗਈ ਸੀ, ਮੈਂ ਕਿਸੇ ਦਾ ਨਾਮ ਨਹੀਂ ਲੈਂਦਾ, ਕਿਸ ਢੰਗ ਨਾਲ ਇਹ ਜਗ੍ਹਾ ਤਿਆਰ ਹੋਈ ਹੈ ਸ਼ਮਿਆਨੇ ਲੱਗੇ ਹਨ, ਲੰਗਰ ਵਾਲੀ ਜਗਾ ਬਣੀ ਹੈ, ਲੰਗਰ ਪੱਕਿਆ ਅਤੇ ਛਕਾਇਆ ਗਿਆ, ਸੰਗਤ ਬਹੁਤ ਜਿਆਦਾ ਸੀ ਧੰਨ ਉਹ ਲਾਂਗਰੀ ਧੰਨ ਉਹ ਬੀਬੀਆਂ ਜਿਹੜੇ ਸਾਰਾ ਦਿਨ ਸੇਵਾ ਕਰਦੇ ਰਹੇ ਹਨ। ਸੇਵਾ ਸਿੱਖੀ ਦੀ ਅਲੌਕਿਕ ਚੀਜ ਹੈ, ਇਹ ਅਨੂਠੀ ਚੀਜ ਹੈ, ਸੇਵਾ ਕਰਦੇ ਕਦੇ ਕਿਸੇ 'ਤੇ ਅਹਿਸਾਨ ਨਹੀਂ ਚਾੜਦੇ, ਸੇਵਾ ਕਰਕੇ ਅਸੀਂ ਧੰਨਭਾਗ ਸਮਝਦੇ ਹਾਂ, ਸੋ ਜਿਨ੍ਹਾ ਨੇ ਸੇਵਾ ਕੀਤੀ ਹੈ ਮੈਂ ਸਮਝਦਾ ਉਹਨਾਂ ਦੇ ਧੰਨਭਾਗ ਹਨ। ਸਤਿਗੁਰੂ ਸੱਚੇ ਪਾਤਸ਼ਾਹ ਉਹਨਾਂ ਨੂੰ ਖੁਸ਼ੀਆਂ ਬਖ਼ਸ਼ਣ, ਸਿੱਖੀ ਦ੍ਰਿੜ ਕਰਨ, ਸੇਵਾ ਜਦੋਂ ਸਿੱਖ ਨਿਸ਼ਕਾਮੀ ਭਾਵਨਾ ਨਾਲ ਕਰਦਾ ਹੈ ਤਾਂ ਉਹ ਸਿਮਰਨ ਬਣ ਜਾਂਦੀ ਹੈ। ਇਹ ਇਲਾਕਾ ਵਸਾਇਆ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਇਹ ਉਹਨਾਂ ਦਾ ਸੁਪਨਾ ਸੀ ਜਾਂ ਕਹਿ ਲਵੋ ਉਹਨਾਂ ਦੀ ਦੂਰਦਰਸ਼ਤਾ, ਜਿਹਨੂੰ ਵਿਜ਼ਨ ਕਹਿੰਦੇ ਹਾਂ, ਸਤਿਗੁਰੂ ਪ੍ਰਤਾਪ ਸਿੰਘ ਦਾ ਸਮਾਂ ਜਿਹੜੇ ਮੇਰੇ ਤੋਂ ਵੱਡੇ ਹਨ ਉਹਨਾਂ ਸਮਾਂ ਦੇਖਿਆ ਹੋਵੇਗਾ, ਕਹਿੰਦੇ ਨੇ ਜਿਹੜੀ ਪੱਛਮੀ ਪੰਜਾਬ ਸੀ, ਜਿਹੜੀ ਪਾਕਿਸਤਾਨ ਬਣ ਓਥੇ ਰਹਿ ਗਿਆ, ਉਹ ਬਹੁਤ ਖੁਸ਼ਹਾਲ ਸੀ। ਇਕ ਬਚਨ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਉਪਦੇਸ਼ ਵਿਚ ਰਿਕਾਰਡ ਹੈ "ਜਿਹੜੇ ਇਲਾਕੇ ਚੋਂ ਲੰਗਰ ਨੂੰ ਦਾਣੇ ਆਉਂਦੇ ਸੀ ਉਹ ਤਾਂ ਰਹਿ ਗਿਆ ਪਾਕਿਸਤਾਨ ਵਿਚ ਬਾਰ ਆਦਿਕ ਇਲਾਕੇ ਬੜੇ ਖੁਸ਼ਹਾਲ ਸੀ, ਜਦੋਂ ਇਥੇ ਆਏ ਸਾਰੇ ਇਲਾਕੇ ਵਿਚ ਇਕ ਵੀ ਟਿਊਬਵੈਲ ਨਹੀਂ ਸੀ। ਇਥੇ ਝਾੜੀਆਂ ਸੀ, ਮਲਿਆਂ ਦੇ ਬੇਰ, ਪੀਲੂ ਆਦਿ ਕਣਕ ਦਾ ਆਟਾ ਮਿਲਣਾ ਔਖਾ ਸੀ। ਕਣਕ ਦਾ ਤੇ ਛੋਲਿਆਂ ਦਾ ਆਟਾ ਰਲਾ ਕੇ ਪ੍ਰਸ਼ਾਦੇ ਪਕਾਏ ਜਾਂਦੇ ਸੀ। ਇਥੇ ਉਹ ਸਮਾਂ ਵੀ ਮੈਂ ਦੇਖਿਆ ਜਦੋਂ ਇਸ ਇਲਾਕੇ ਵਿਚ ਬਿਜਲੀ ਨਹੀਂ ਸੀ ਹੁੰਦੀ। ਜਨਰੇਟਰ ਸਿਰਫ ਓਦੋਂ ਜੀਵਨ ਨਗਰ ਹੀ ਹੋਵੇਗਾ। ਹੋਰ ਕਿਸੇ ਕੋਲ ਨਹੀਂ ਸੀ। ਬੱਚੇ ਦੀਵੇ ਲੈਂਪਾਂ ਦੀ ਰੌਸ਼ਣੀ ਵਿਚ ਪੜ੍ਹਦੇ ਸੀ। ਕਿਸੇ ਦੇ ਘਰ ਕਾਰ ਆਦਿਕ ਸਾਧਨ ਨਹੀਂ ਸੀ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਜਦੋਂ ਘਰਾਂ ਵਿਚ ਜਾਂਦੇ ਹੁੰਦੇ ਸੀ ਤਾਂ ਮੈਨੂੰ ਸੱਚੇ ਪਾਤਸ਼ਾਹ ਦਾ ਇਹ ਬਚਨ ਅਜੇ ਤੱਕ ਯਾਦ ਹੈ ਉਹਨਾਂ ਬਚਨ ਕਰਨ "ਸਾਰਿਆਂ ਦੇ ਘਰ ਪੱਕੇ ਹੋਣ ਮੇਰਾ ਜੀ ਕਰਦਾ ਸਾਰਿਆਂ ਦੇ ਘਰ ਪੱਖੇ ਲੱਗੇ ਹੋਣ।" ਇਨਸਾਨੀ ਯਾਦਾਸ਼ਤ ਥੋੜੀ ਹੁੰਦੀ ਹੈ ਸਮਾਂ ਬਦਲਦਾ ਰਹਿੰਦਾ ਹੈ ਸਾਨੂੰ ਔਖੇ ਸੌਖੇ ਸਮੇਂ ਵਿਚ ਸਤਿਗੁਰੂ ਚਰਨਾਂ ਨਾਲ ਲੱਗਾ ਕੇ ਰੱਖਣ।

.................................................................

# ਸਾਧ ਸੰਗਤ ਦੇ ਜਾਹੋ-ਜਲਾਲ ਦਾ ਠਾਠਾਂ ਮਾਰਦਾ ਸੈਲਾਬ

## ਹੋਲਾ ਮਹੱਲਾ ਸ੍ਰੀ ਮਸਤਾਨਗੜ੍ਹ ਦਾ ਅੱਖੀਂ ਡਿੱਠਾ ਹਾਲ



**ਡਾ. ਲਖਵੀਰ ਸਿੰਘ ਰਾਮਪੁਰਾ ਫੂਲ**
**98768-50680**

ਹੋਲਾ-ਮਹੱਲਾ ਸਿੱਖ ਧਰਮ ਦੀ ਚੜ੍ਹਦੀ ਕਲਾ, ਸੂਰਬੀਰਤਾ, ਨਿਰਭੈਤਾ ਅਤੇ ਫਤਹਿ ਪ੍ਰਾਪਤੀ ਦਾ ਪ੍ਰਮੁੱਖ ਕੌਮੀ ਤਿਉਹਾਰ ਹੈ। ਜੋ ਹੋਲੀ ਤੋਂ ਅਗਲੇ ਦਿਨ ਚੇਤ ਮਹੀਨੇ ਦੀ ਵਦੀ ਏਕਮ ਨੂੰ ਮਨਾਇਆ ਜਾਂਦਾ ਹੈ। ਬਹਾਦਰੀ, ਸ਼ਕਤੀ ਅਤੇ ਸਵੈਮਾਨ ਦੇ ਪ੍ਰਤੀਕ ਹੋਲੇ-ਮਹੱਲੇ ਦੀ ਸ਼ੁਰੂਆਤ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 1701 ਈਸਵੀ ਵਿੱਚ ਸ੍ਰੀ ਅਨੰਦਪੁਰ ਸਾਹਿਬ ਤੋਂ ਕੀਤੀ। ਜਿਸ ਬਾਰੇ ਦਸਮੇਸ਼ ਪਿਤਾ ਜੀ ਦੇ ਕਵੀ ਸੁਮੇਰ ਸਿੰਘ ਗੁਰੂ ਗੋਬਿੰਦ ਸਿੰਘ ਜੀ ਦੀ ਭਾਵਨਾ ਨੂੰ ਕਲਮਬੱਧ ਕਰਦੇ ਹੋਏ ਆਪਣੇ ਗ੍ਰੰਥ "ਗੁਰੂ ਪਦ ਪ੍ਰੇਮ ਪ੍ਰਕਾਸ਼" ਵਿੱਚ ਇੰਝ ਲਿਖਦੇ ਹਨ-

ਔਰਨ ਕੀ ਹੋਲੀ ਮਮ ਹੋਲਾ।
ਕਹਿਯੋ ਕਿਰਪਾਨਿਧ ਬਚਨ ਅਮੋਲਾ॥

ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਤੋਂ ਬਾਅਦ ਇਸ ਹੋਲੇ ਮਹੱਲੇ ਦੀ ਪਰੰਪਰਾ ਨੂੰ ਸਤਿਗੁਰੂ ਰਾਮ ਜੀ ਨੇ ਚਾਲੂ ਰੱਖਿਆ ਅਤੇ ਬ੍ਰਿਟਿਸ਼ ਸਾਮਰਾਜ ਦੀ ਗੁਲਾਮੀ ਦੇ ਬਾਵਜੂਦ ਹੋਲੇ ਮਹੱਲੇ ਮਨਾਏ ਜਾਂਦੇ ਰਹੇ। ਨਾਮਧਾਰੀ ਸੰਪਰਦਾ ਵਿੱਚ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਪ੍ਰਚੱਲਤ ਇਹ ਤਿਉਹਾਰ ਬਹੁਤ ਹੀ ਸ਼ਾਨੋ-ਸ਼ੌਕਤ ਨਾਲ ਮਨਾਇਆ ਜਾਂਦਾ ਹੈ।

ਹਜ਼ੂਰ ਪਾਤਸ਼ਾਹ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀਆਂ ਅਲੌਕਿਕ ਬਖਸ਼ਿਸ਼ਾਂ ਸਦਕਾ ਸ੍ਰੀ ਮਸਤਾਨਗੜ੍ਹ ਅਤੇ ਇਹ ਨਾਮਧਾਰੀ ਸਾਧ ਸੰਗਤ ਦੀ ਵੱਡੀ ਬਹੁਤਾਤ ਵਾਲਾ ਇਲਾਕਾ "ਨਦਰੀ ਨਦਰਿ ਨਿਹਾਲ" ਹੋ ਗਿਆ। ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਇਸ ਇਲਾਕੇ ਦਾ ਇਹ ਦੂਸਰਾ ਹੋਲਾ-ਮਹੱਲਾ ਆਪਣੇ ਜਾਹੋ-ਜਲਾਲ,ਚੜ੍ਹਦੀਆਂ ਕਲਾ ਅਤੇ ਖੁਸ਼ੀਆਂ ਖੇੜਿਆਂ ਦੀ ਅਮਿੱਟ ਛਾਪ ਛੱਡ ਗਿਆ। ਸ੍ਰੀ ਮਸਤਾਨਗੜ੍ਹ ਇੰਝ ਜਾਪਦਾ ਸੀ, ਜਿਵੇਂ ਵਿਸ਼ਵ ਭਰ ਵਿੱਚੋਂ ਹੰਸਾਂ ਦੀਆਂ ਡਾਰਾਂ ਇੱਥੇ ਉੱਤਰ ਆਈਆਂ ਹੋਣ। ਹੱਥਾਂ ਵਿੱਚ ਮਾਲਾ, ਮੁੱਖ 'ਤੇ ਸਿਮਰਨ, ਗੁਰੂ ਦਰਸ਼ਨਾਂ ਦੀ ਤਾਂਘ ਅਤੇ ਗੁਰੂ ਦਰਸ਼ਨਾਂ ਦੇ ਅਨੰਦ ਨਾਲ ਹਰ ਚਿਹਰੇ 'ਤੇ ਖੁਸ਼ੀਆਂ, ਖੇੜਾ ਅਤੇ ਜਲੌਅ ਸੀ। ਲੱਖਾਂ ਦੀ ਗਿਣਤੀ ਵਿੱਚ ਪਹੁੰਚੀ ਸੰਗਤ ਦੇ ਇੱਕਠ ਦਾ ਠਾਠਾਂ ਮਾਰਦਾ ਸਮੁੰਦਰ ਸਵਰਗੀ ਨਜ਼ਾਰੇ ਇੱਕ ਪ੍ਰਤੱਖ ਵਰਤਾਰਾ ਸੀ।

ਇਹ ਯਾਦਗਾਰੀ ਹੋਲਾ-ਮਹੱਲਾ ਬੇਅੰਤ ਪਾਤਸ਼ਾਹ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਅਤੇ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਪਿਆਰੇ ਅਤੇ ਦੁਲਾਰੇ ਸੰਤ ਬਲਦੇਵ ਸਿੰਘ ਜੀ ਬਾਜਵਾ ਕਰੀਵਾਲਾ ਅਤੇ ਉਹਨਾਂ ਦੇ ਪਰਵਾਰ ਵੱਲੋਂ ਹਜ਼ੂਰ ਪਾਤਸ਼ਾਹ ਜੀ ਦੀਆਂ ਅਨੰਤ ਖੁਸ਼ੀਆਂ ਅਤੇ ਬਖਸ਼ਿਸ਼ਾਂ ਨਾਲ ਮਨਾਇਆ ਗਿਆ।

ਜਦੋਂ ਅਸੀਂ ਰਾਮਪੁਰਾ ਫੂਲ ਤੋਂ ਮਸਤਾਨਗੜ੍ਹ ਲਈ ਰਵਾਨਾ ਹੋਏ ਤਾਂ ਮਨ ਵਿੱਚ ਸਤਿਗੁਰੂ ਜੀ ਦੇ ਪਾਵਨ ਦਰਸ਼ਨਾਂ ਦੀ ਤਾਂਘ, ਖਿੱਚ ਅਤੇ ਸ੍ਰੀ ਮਸਤਾਨਗੜ੍ਹ ਹੋਲੇ ਮੁਹੱਲੇ ਤੇ ਪਹੁੰਚਣ ਦਾ ਚਾਅ ਠਾਠਾਂ ਮਾਰਦਾ ਸੀ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਵਰੋਸਾਏ ਇਸ ਇਲਾਕੇ ਵਿੱਚ ਪਹੁੰਚੇ ਤਾਂ ਥਾਂ-ਥਾਂ ਸਵਾਗਤੀ ਬੋਰਡਾਂ ਦੇ ਨਾਲ ਨਾਲ ਸ੍ਰੀ ਮਸਤਾਨਗੜ੍ਹ ਤੋਂ 5-7 ਕਿਲੋਮੀਟਰ ਪਹਿਲਾਂ ਹੀ ਸੜਕਾਂ ਤੇ ਰੰਗ-ਬਰੰਗੀਆਂ ਜਗਮਗਾਉਂਦੀਆਂ ਸੁੰਦਰ ਲਾਈਟਾਂ, ਤਰ੍ਹਾਂ-ਤਰ੍ਹਾਂ ਦੀਆਂ ਲੜੀਆਂ ਅਤੇ ਸੁੰਦਰ ਸਵਾਗਤੀ ਗੇਟ ਸੰਗਤ ਨੂੰ ਜੀਓ ਆਇਆ ਆਖ ਰਹੇ ਸਨ। ਸਵਾਗਤੀ ਗੇਟਾਂ ਤੇ ਸ੍ਰੀ ਸਤਿਗੁਰੂ ਜੀ ਦੀਆਂ ਮਨਮੋਹਕ ਸੁੰਦਰ ਤਸਵੀਰਾਂ ਨੂੰ ਵੇਖਕੇ ਆਪ ਮੁਹਾਰੇ ਰੂਹ ਸਰਸਰਾ ਰਹੀ ਸੀ ਅਤੇ ਮਨ ਮਸਤਕ ਸਤਿਗੁਰੂ ਜੀ ਦੇ ਚਰਨਾਂ ਵਿੱਚ ਝੁਕ ਜਾਂਦਾ। ਸ੍ਰੀ ਮਸਤਾਨਗੜ੍ਹ ਅਤੇ ਇਸ ਇਲਾਕੇ ਦੇ ਪਿੰਡਾਂ ਦੀਆਂ ਗਲੀਆਂ ਮੁਹੱਲੇ, ਇਮਾਰਤਾਂ ਰੌਸ਼ਨੀਆਂ ਬਿਖੇਰ ਰਹੀਆਂ ਸਨ। ਬਹੁਤ ਦੂਰੋਂ ਹੀ ਹੋਲੇ ਮਹੱਲੇ ਦੇ ਸਜਾਏ ਹੋਏ ਵੱਡੇ-ਵੱਡੇ ਪੰਡਾਲ ਮਨ ਦੇ ਚਾਵਾਂ ਨੂੰ ਦੂਣਾ-ਚੌਣਾ ਕਰ ਰਹੇ ਸਨ। ਭਰੀਆਂ ਹੋਈਆਂ ਕਾਰ ਪਾਰਕਿੰਗਾਂ ਅਤੇ ਵੱਖੋ-ਵੱਖ ਸੜਕਾਂ ਤੋਂ ਆ ਰਹੀਆਂ ਚਿੱਟੀਆਂ ਹੰਸਾਂ

ਦੀਆਂ ਉਡਾਰਾਂ ਦੀਆਂ ਗੱਡੀਆਂ ਦੀਆਂ ਕਤਾਰਾਂ ਵੇਖਕੇ ਅਤੇ ਨਾਮਧਾਰੀ ਸੰਗਤਾਂ ਦੇ ਦਰਸ਼ਨ ਕਰਕੇ ਰੂਹ ਅਨੰਦਿਤ ਹੋ ਰਹੀ ਸੀ। ਗੱਡੀਆਂ ਖੜ੍ਹਾ ਕੇ ਜਿਉਂ ਹੀ ਅਸੀਂ ਕਾਰ ਪਾਰਕਿੰਗ ਤੋਂ ਬਾਹਰ ਨਿਕਲੇ ਹਰੇ ਭਰੇ ਫ਼ਸਲਾਂ ਨਾਲ ਭਰੇ ਚੁਫੇਰੇ ਵਿਚਕਾਰ ਚਿੱਟੇ ਸੁੰਦਰ ਪੁਸ਼ਾਕਾਂ ਵਿੱਚ ਸਜੀ ਨਾਮਧਾਰੀ ਸਾਧ ਸੰਗਤ ਦੀ ਭਰੀ ਇਕ ਸੜਕ ਪੰਡਾਲ ਵੱਲ ਜਾ ਰਹੀ ਸੀ। ਆ- ਜਾ ਰਹੀ ਸਾਧ ਸੰਗਤ ਦੇ ਚਿਹਰਿਆਂ ਤੇ ਖੁਸ਼ੀਆਂ, ਖੇੜੇ, ਅਤੇ ਚਾਵਾਂ ਦਾ ਜਲੌਅ ਸੀ। ਸੜਕ ਬਹੁਤ ਸੁੰਦਰ ਬਣੀ ਹੋਈ ਸੀ। ਸੜਕ ਦੇ ਦੋਵਾਂ ਪਾਸਿਆਂ ਤੇ ਇੱਕ 7-8 ਇੰਚ ਉੱਚਾ ਸਮਿੰਟਡ ਬਾਰਡਰ ਬਣਿਆਂ ਹੋਇਆ ਸੀ। ਇਹ ਬਾਰਡਰ ਨੂੰ ਅਤੇ ਰੁੱਖਾਂ ਦੇ ਤਣਿਆਂ ਨੂੰ ਚਿੱਟਾ ਰੰਗ ਕੀਤਾ ਹੋਇਆ ਸੀ ਜੋ ਬਹੁਤ ਸੋਭਦਾ ਸੀ। ਇਹ ਰਾਹ ਰੰਗਾਂ ਰੌਸ਼ਨੀਆਂ ਅਤੇ ਸੁੰਦਰ ਲਾਈਟਾਂ ਨਾਲ ਸਜਾਇਆ ਹੋਇਆ ਸੀ। ਜਦੋਂ ਪੰਡਾਲ ਵੱਲ ਗਏ ਤਾਂ ਸਭ ਤੋਂ ਪਹਿਲਾਂ ਮੇਲੇ ਤੇ ਆਈ ਹੋਈ ਸਾਧ ਸੰਗਤ ਲਈ ਡੇਰਾ ਪ੍ਰਬੰਧਕਾਂ ਦਾ ਟੈਂਟ ਲੱਗਿਆ ਹੋਇਆ ਸੀ। ਹਜ਼ੂਰ ਪਾਤਸ਼ਾਹ ਜੀ ਦੇ ਦਰਸ਼ਨਾਂ ਦੀ ਉਤਸੁਕਤਾ ਅਤੇ ਨਦਰੀ ਨਿਹਾਲ ਹੋਣ ਦੀ ਰੂਹੀ ਤਾਂਘ ਨਾਲ ਅਸੀਂ ਵਿਸ਼ਾਲ ਪੰਡਾਲ ਵਿੱਚ ਪ੍ਰਵੇਸ਼ ਕੀਤਾ। ਸਜੇ ਦਰਬਾਰ ਵੱਲ ਵੇਖਦਿਆਂ ਹੀ ਰੂਹ ਸਰਸਰਾ ਗਈ, ਇਲਾਹੀ ਨੂਰ ਹਜ਼ੂਰ ਪਾਤਿਸ਼ਾਹ ਜੀ ਦੇ ਦਰਸ਼ਨ ਕਰਕੇ ਆਤਮਾ ਅਨੰਦਿਤ ਹੋ ਗਈ, ਰੋਮ-ਰੋਮ ਵਿੱਚ ਖੇੜਾ ਆ ਗਿਆ ਹੈ। ਹਜ਼ੂਰ ਪਾਤਸ਼ਾਹ, ਅਕਾਲ ਪੁਰਖ ਵਿਧਾਤਾ ਸੰਗਤ ਨੂੰ ਆਪਣੀਆਂ ਨੂਰੇ-ਨੂਰ ਬਖਸ਼ਿੰਦ ਨਜ਼ਰਾਂ ਅਤੇ ਰੂਹਾਨੀ ਮੁਸਕਾਨਾਂ ਨਾਲ ਨਿਵਾਜ਼ ਰਹੇ ਸਨ। ਸਰਬੱਤ ਦੇ ਭਲੇ ਦੇ ਆਲਮੀ ਫਰਿਸਤੇ, ਬ੍ਰਾਹਮੰਡ ਦੇ ਸੁਆਮੀ, ਗਰੀਬ ਨਿਵਾਜ਼,ਪਰਉਪਕਾਰੀ ਸਤਿਗੁਰੂ ਜੀ ਦੇ ਸਤਿਜੁਗੀ ਦਰਬਾਰ ਵਿੱਚ ਹਾਜ਼ਰਾ ਹਜ਼ੂਰ ਜੀ ਇੰਝ ਸੋਭਦੇ ਸਨ ਜਿਵੇਂ ਤਾਰਾ ਮੰਡਲ ਵਿੱਚ ਪੂਰਨਮਾਸੀ ਦਾ ਚੰਦਰਮਾ ਵਾਯੂਮੰਡਲ ਵਿੱਚ ਆਪਣੀਆਂ ਰਿਸਮਾਂ ਰਾਹੀਂ ਨਿਰਭੈਤਾ ਅਤੇ ਸਵੱਛਤਾ ਦੀ ਮਹਿਕ ਬਿਖੇਰਦਾ ਹੋਵੇ। ਅਸੀਂ ਵੀ ਸਾਰੇ ਪਾਤਿਸ਼ਾਹ ਜੀ ਦੇ ਇਸ ਵਿਸਮਾਦੀ ਅਤੇ ਨੂਰਾਨੀ ਦਰਬਾਰ ਵਿੱਚ ਨਤਮਸਤਕ ਹੋਏ। ਸੀਸ ਝੁਕਾ ਪਾਤਸ਼ਾਹ ਜੀ ਦੇ ਸੂਰਜੀ ਹਸੂੰ-ਹਸੂੰ ਕਰਦੇ ਹਸੀਨ ਮੁੱਖ ਮੰਡਲ ਵੱਲ ਤੱਕਿਆ। ਗਰੀਬ ਨਿਵਾਜ਼ ਜੀ ਦੀ ਆਭਾ ਮੰਡਲ ਅਕਾਸ਼ ਵਾਂਗ ਖੁੱਲ੍ਹਾ ਅਤੇ ਦੋਹਾਂ ਜਹਾਨਾਂ ਨੂੰ ਆਪਣੇ ਕਲਾਵੇ ਵਿੱਚ ਲੈ ਖੁਸ਼ੀਆਂ ਅਤੇ ਅਨਹਦ ਨਾਦ ਬਖਸ ਰਿਹਾ ਸੀ। ਸਾਧ ਸੰਗਤ ਇਸ ਸਵਰਗੀ ਦਰਬਾਰ ਦੇ ਦਰਸ਼ਨ ਕਰਕੇ ਅਨੰਦਿਤ ਹੋ ਰਹੀ ਸੀ, ਅਨਹਦ ਨਾਦ ਵਿੱਚ ਰੰਗੀ ਜਾ ਰਹੀ ਸੀ। ਹਜ਼ੂਰੀ ਰਾਗੀਆਂ ਸੰਤ ਹਰਬੰਸ ਸਿੰਘ ਘੁੱਲਾ, ਰਾਗੀ ਬਲਵੰਤ ਸਿੰਘ, ਸੰਤ ਹਰਪ੍ਰੀਤ ਸਿੰਘ ਅਤੇ ਸਤਿਗੁਰੂ ਜੀ ਦੇ ਵਰੋਸਾਏ ਰਾਗੀ ਜੱਥੇ ਦੇ ਹੋਰ ਨੌਜਵਾਨ ਰਾਗੀਆਂ ਵੱਲੋਂ ਸੁਰੀਲੀਆਂ, ਮਿੱਠੀਆਂ ਸੁਰਾਂ ਵਿਚ ਗੁਰਬਾਣੀ ਵਿੱਚ ਆਦਿ ਗੁਰੂ ਸਾਹਿਬਾਨ ਦੇ ਬਖਸ਼ੇ ਰਾਗਾਂ ਦੀਆਂ ਧੁਨੀਆਂ ਗੁਰਬਾਣੀ 'ਚ ਗਾਈ ਜਾ ਰਹੀ ਸੀ ਸੰਗਤਾਂ ਗੁਰਬਾਣੀ ਦੇ ਅਰਥ ਸਪੱਸਟ ਕਰਕੇ ਮੰਤਰ ਮੁਗਧ ਕਰ ਰਹੀਆਂ ਸਨ। ਗੁਰਬਾਣੀ ਗਾਈ ਹੀ ਨਹੀਂ ਜੀਵੀ ਜਾ ਰਹੀ ਸੀ। ਦਰਬਾਰ ਦੀ ਸੁੰਦਰ ਸਟੇਜ ਫੁੱਲਾਂ ਨਾਲ ਸਜੀ ਹੋਈ ਸੀ। ਗੁਰੂ ਜੀ ਨੂੰ ਅਰਪਣ ਹੋਣ ਲਈ ਸੱਜਰੇ ਆਏ ਗਮਲਿਆਂ ਦੀਆਂ ਕਤਾਰਾਂ ਵਿੱਚ, ਬੁੱਕਿਆਂ ਅਤੇ ਗੁਲਦਸਤਿਆਂ ਵਿੱਚ ਸਜੇ ਵੱਖ ਵੱਖ ਕਿਸਮ ਦੇ ਰੰਗ ਬਰੰਗੇ ਫੁੱਲ ਖੁਸਬੋਆਂ ਬਿਖੇਰ ਰਹੇ ਸਨ। ਅਤੀ ਸੁੰਦਰ ਗਲੀਚਿਆਂ, ਸ਼ਮਿਆਨਿਆਂ, ਦੁੱਧ ਚਿੱਟੀਆਂ ਦੂਰ ਤੱਕ ਵਿਛੀਆਂ ਚਾਦਰਾਂ ਤੇ ਗਿਣਤੀਆਂ ਮਿਣਤੀਆਂ ਤੋਂ ਆਰ-ਪਾਰ ਆਪਣੇ ਵਿਰਾਸਤੀ ਚਿੱਟੇ ਪਹਿਰਾਵੇ ਵਿੱਚ ਸੁਸ਼ੋਭਿਤ ਸਾਧ ਸੰਗਤ ਗੁਰੂ ਪਾਤਿਸ਼ਾਹ ਜੀ ਦੇ ਦਰਸ਼ਨਾਂ ਅਤੇ ਰੱਬੀ ਬਾਣੀ ਵਿੱਚ ਮੁਗਧ ਸੀ। ਸੱਭ ਦੇ ਹੱਥਾਂ ਵਿੱਚ ਚਿੱਟੀਆਂ ਉੱਨ ਦੀਆਂ ਮਾਲਾਵਾਂ ਸਨ। ਸਭ ਦੇ ਮੁੱਖ ਮੰਡਲ ਤੇ ਚੁਅਖਰੇ ਦਾ ਜਾਪ ਅਤੇ ਸਿਮਰਨ ਸੀ। ਅਨੇਕਾਂ ਹਜ਼ਾਰ ਲੋਕਾਂ ਵਿੱਚ ਇੱਕ ਚਿੜੀ ਚੂਕਨ ਜਿੰਨੀ ਅਵਾਜ਼ ਵੀ ਨਹੀ ਸੀ ਆ ਰਹੀ। ਸਿਰਫ ਦੁਨੀਆਂ ਦੇ ਰਹਿਬਰ ਦੇ ਪਾਵਨ ਦਰਸ਼ਨ ਅਤੇ ਗੁਰਬਾਈ ਦੇ ਅਨਹਦ ਨਾਦ ਦਾ ਗਾਇਣ ਹੋ ਰਿਹਾ ਸੀ। ਦਰਸ਼ਨ ਕਰਕੇ ਸਭ ਤ੍ਰਿਸ਼ਨਾਵਾਂ ਮਿਟ ਗਈਆਂ ਅਤੇ ਆਦਿ ਗੁਰੂ ਸਾਹਿਬਾਨ ਦਾ ਇਹ ਸ਼ਬਦ ਰੂਹ ਵਿੱਚ ਉਤਰ ਗਿਆ-

ਸਤਿਗੁਰੂ ਮੇਰਾ ਸਦਾ ਸਦਾ ਨਾ ਆਵੈ ਨਾ ਜਾਇ॥
ਓਹੁ ਅਬਿਨਾਸੀ ਪੁਰਖੁ ਹੈ ਸਭ ਮਹਿ ਰਹਿਆ ਸਮਾਇ॥

ਨਾਮਧਾਰੀ ਸੰਪਰਦਾ ਵਿੱਚ ਹੋਲਾ-ਮੁਹੱਲਾ ਤ੍ਰਿਵੈਣੀ ਪੁਰਬ ਦੇ ਰੂਪ ਵਿੱਚ ਮਨਾਇਆ ਜਾਂਦਾ ਹੈ। ਇਹ ਹੋਲੇ-ਮੁਹੱਲੇ ਦਾ ਪਹਿਲਾ ਦਿਨ ਦਸਮੇਸ਼ ਪਿਤਾ ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਦੁਆਰਾ ਹੋਲੇ ਮੁਹੱਲੇ ਦਾ ਆਗਾਜ਼ ਕਰਨ ਨੂੰ ਸਮਰਪਿਤ, ਦੂਸਰਾ ਦਿਨ ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਅਤੇ ਤੀਸਰਾ ਦਿਨ ਵੱਡ ਪ੍ਰਤਾਪੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਹੁੰਦਾ ਹੈ। ਇਸ ਵਿਸ਼ਾਲ ਹੋਲੇ ਮੁਹੱਲੇ ਵਿੱਚ ਸਤਿਗੁਰੂ ਸਾਹਿਬਾਨ ਜੀ ਦੇ ਲੋਕਾਈ ਲਈ ਕੀਤੇ ਪਰਉਪਕਾਰਾਂ ਅਤੇ ਬਖਸ਼ਿਸ਼ਾਂ ਦੀਆਂ ਗਾਥਾਵਾਂ, ਗੁਰਬਾਣੀ, ਕਥਾ, ਕੀਰਤਨ, ਕਵੀਸ਼ਰੀ, ਅਤੇ ਹੱਲੇ ਦੇ ਦੀਵਾਨਾਂ ਰਾਹੀਂ ਸਤਿਗੁਰੂ ਸਾਹਿਬਾਨ ਦੇ ਜੀਵਨ ਕਾਲ ਦਾ ਵਿਖਿਆਨ ਹੁੰਦਾ ਹੈ। ਇਸ ਹੋਲੇ ਮਹੱਲੇ ਤੇ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਵਰੋਸਾਏ ਤਿੰਨ ਦਰਜ਼ਨ ਦੇ ਕਰੀਬ ਜੱਥੇਦਾਰਾਂ ਅਤੇ ਕਵੀਸ਼ਰਾਂ ਨੇ ਆਪਣੀਆਂ ਪ੍ਰਭਾਵਸ਼ਾਲੀ ਕਲਾਵਾਂ ਨਾਲ

ਸੰਗਤ ਨੂੰ ਮੰਤਰ ਮੁਗਧ ਕਰੀ ਰੱਖਿਆ। ਇਸ ਤ੍ਰਿਵੈਈ ਪੁਰਬ ਨਾਲ ਸਬੰਧਿਤ ਸਤਿਗੁਰੂ ਸਾਹਿਬਾਨ ਬਾਰੇ ਪ੍ਰਮੁੱਖ ਖੋਜ਼ ਭਰਪੂਰ ਭਾਸ਼ਣ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਨਾਮਧਾਰੀ ਪੰਥ ਦੇ ਅਤੀ ਸਤਿਕਾਰ ਯੋਗ ਉੱਘੇ ਵਿਦਵਾਨਾਂ ਕ੍ਰਮਵਾਰ ਸੰਤ ਨਿਸ਼ਾਨ ਸਿੰਘ, ਕਾਮਰੇਡ ਸਵਰਨ ਸਿੰਘ ਵਿਰਕ ਕਰੀਵਾਲਾ, ਸੰਤ ਹਰਪਾਲ ਸਿੰਘ ਸੇਵਕ ਸ੍ਰੀ ਭੈਣੀ ਸਾਹਿਬ, ਨੌਜਵਾਨ ਵਕਤਾ ਸੰਤ ਗੁਰਲਾਲ ਸਿੰਘ ਗਿੱਲ ਅਤੇ ਜੱਥੇਦਾਰ ਨਿਸ਼ਾਨ ਸਿੰਘ ਦਿੱਲੀ ਦੇ ਸਨ। ਵੱਡੀ ਦੂਰ-ਦੁਰਾਡੇ ਤੱਕ ਬੈਠੀ ਸਾਧ ਸੰਗਤ ਦੇ ਚਿਹਰੇ ਦਸ ਰਹੇ ਸਨ ਕਿ ਇਹਨਾਂ ਤਕਰੀਰਾਂ ਨਾਲ ਸਾਧ ਸੰਗਤ ਦੇ ਮਨ ਦੀਆਂ ਭਾਵਨਾਵਾਂ ਆਪਣੇ-ਆਪਣੇ ਗੁਰੂ ਸਾਹਿਬਾਨਾਂ ਦੇ ਲੋਕਾਈ ਲਈ ਕੀਤੇ ਉਪਕਾਰਾਂ ਤੋਂ ਬਲਿਹਾਰੇ ਜਾਂਦੀਆਂ ਸਨ।

ਪਾਤਸ਼ਾਹ ਦਾ ਦਰਬਾਰ ਪ੍ਰਭੂ ਪਰਮੇਸ਼ਵਰ ਦਾ ਆਪਣਾ ਦਰਬਾਰ ਹੈ, ਸੱਚ ਦਾ ਦਰਬਾਰ ਹੈ। ਇਸ ਪਾਤਸ਼ਾਹ ਦੇ ਦਰਬਾਰ ਵਿੱਚ ਵੱਖ-ਵੱਖ ਸਮਿਆਂ ਵਿੱਚ ਯੁੱਗਾਂ ਯੁਗਾਂਤਰਾਂ ਤੋਂ ਦੁਨੀਆਂ ਦੇ ਬਾਦਸ਼ਾਹ,ਵਜੀਰੇ ਆਜ਼ਮ, ਨਵਾਬ ਅਤੇ ਮੰਤਰੀ ਝੁਕਕੇ ਸਤਿਕਾਰ ਭੇਂਟ ਕਰਦੇ ਆਏ ਹਨ। ਹੋਲੇ ਮਹੱਲੇ ਦੇ ਇਸ ਪਾਵਨ ਪੁਰਬ ਤੇ ਕੇਂਦਰੀ ਮੰਤਰੀ ਜੇ.ਪੀ. ਨੱਢਾ, ਹਰਿਆਣਾ ਦੇ ਖੇਤੀਬਾੜੀ ਮੰਤਰੀ ਸਿਆਮ ਰਾਣਾ, ਮੋਹਨ ਲਾਲ ਚੰਡੋਲੀ, ਜਤਿੰਦਰ ਸੋਨੀ, ਸੁਖਪਾਲ ਕੰਬੋਜ਼, ਅਭੈ ਚੌਟਾਲਾ, ਅਤੇ ਸਮਾਗਮ ਦੇ ਅਖੀਰ ਵਿੱਚ ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਜੀ ਹੋਲੇ ਮਹੱਲੇ ਵਿੱਚ ਸ਼ਿਰਕਤ ਕਰਕੇ ਸਤਿਗੁਰੂ ਜੀ ਨੂੰ ਨਤਮਸਤਕ ਹੋ ਆਪਣੇ ਧੰਨ ਭਾਗ ਸਮਝ ਰਹੇ ਸਨ। ਬਹੁਤ ਹੀ ਸਤਿਕਾਰ ਯੋਗ ਪੰਡਿਤ ਯਾਦਵਿੰਦਰ ਸਿੰਘ ਜੀ ਦੇ ਹੋਲੇ ਮਹੱਲੇ ਦੇ ਇਤਿਹਾਸ ਦੇ ਭਾਸ਼ਣ ਤੋਂ ਬਾਅਦ ਜੇ.ਪੀ. ਨੱਢਾ ਵੱਲੋਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਅਰੰਭੇ ਪ੍ਰਥਮ ਅਜ਼ਾਦੀ ਸੰਗਰਾਮ, ਭਾਰਤ ਦੇਸ਼ ਦੀ ਅਜ਼ਾਦੀ ਲਈ ਸ਼ਹੀਦੀਆਂ ਤੋਂ ਲੈ ਕੇ ਹੋਲੇ ਮਹੱਲੇ ਦੇ ਵਰਤਮਾਨ ਸਮੇਂ ਤੱਕ ਕੀਤੀ ਗਈ ਤਕਰੀਰ ਅਤੀ ਸਲਾਹੁਣ ਯੋਗ ਸੀ। ਸ੍ਰੀ ਸਤਿਗੁਰੂ ਜੀ ਨੇ ਵੀ ਸਮੁੱਚੀ ਸਾਧ ਸੰਗਤ ਨੂੰ ਆਪਣੇ ਪਾਵਨ ਉਪਦੇਸ਼ਾਂ ਨਾਲ ਨਿਵਾਜਿਆ। ਸ੍ਰੀ ਮਸਤਾਨਗੜ੍ਹ ਵਿਖੇ ਰਾਜਨੀਤਿਕ ਪਤਵੰਤਿਆਂ ਦੇ ਸਵਾਗਤ ਅਤੇ ਆਉਣ-ਜਾਣ ਦੀ ਅਗਵਾਈ ਗੁਰਭੇਜ ਸਿੰਘ ਗੁਰਾਇਆ, ਸੰਤ ਸੁਰਿੰਦਰ ਸਿੰਘ ਲੁਧਿਆਣਾ, ਸੂਬਾ ਹਰਭਜਨ ਸਿੰਘ ਲੁਧਿਆਣਾ ਅਤੇ ਸ੍ਰੀ ਮਸਤਾਨਗੜ੍ਹ ਇਲਾਕੇ ਦੇ ਪਤਵੰਤੇ ਸੱਜਣ ਬੜੀ ਹੀ ਸੁਚੱਜਤਾ ਨਾਲ ਕਰ ਰਹੇ ਸਨ। ਅਲੌਕਿਕ ਵਰਤਾਰਾ ਵਰਤ ਰਿਹਾ ਸੀ। ਅਜਿਹੇ ਸੁਹਾਵਣੇ ਸਮੇਂ ਵਿੱਚ ਪ੍ਰਤੱਖ ਰੂਪ ਵਿੱਚ ਇਹ ਸ਼ਬਦ ਮੂਰਤੀਮਾਨ ਹੋ ਰਹੇ ਸਨ-

ਤੇਰੇ ਬਾਝੋਂ ਦੁਨੀਆਂ ਦਾ ਕੋਈ ਦੂਜਾ ਵਾਲੀ ਨਾ।
ਦਰ ਤੇਰੇ ਤੋਂ ਕਦੇ ਕੋਈ ਵੀ ਮੁੜਦਾ ਖਾਲੀ ਨਾ।

ਜਿਸ ਪੁਰਖ ਨੇ ਕੋਈ ਪੂਰਬਲੇ ਕਰਮ ਕੀਤੇ ਹੁੰਦੇ ਹਨ, ਜਿਸ ਤੇ ਸਤਿਗੁਰੂ ਜੀ ਦੀ ਬਖਸ਼ਿਸ਼ ਹੁੰਦੀ ਹੈ ਅਤੇ ਅਕਾਲ ਪੁਰਖ ਜਿਸ ਨੂੰ ਜਣਾਉਂਦਾ ਹੈ ਉਹ ਦੇਵ ਪੁਰਸ਼ ਦਰਬਾਰ ਵਿੱਚ ਆ ਨਤਮਸਤਕ ਹੁੰਦੇ ਹਨ। ਜਿਸ ਨੂੰ ਇਸ ਦਰਬਾਰ ਵਿਚੋਂ ਪਾਤਸ਼ਾਹ ਜੀ ਦੇ ਹਸਤ ਕੰਵਲਾਂ ਨਾਲ ਜਿਸ ਨੂੰ ਮਾਨ-ਸਨਮਾਨ ਮਿਲਦੇ ਹਨ ਉਸ ਤੇ ਤਾਂ ਦਰਗਾਹੀ ਖੁਸ਼ੀਆਂ ਹੁੰਦੀਆਂ ਹਨ। ਸ੍ਰੀ ਮਸਤਾਨਗੜ੍ਹ ਦੇ ਇਸ ਹੋਲੇ ਮਹੱਲੇ ਤੇ ਗੁਰਮਤਿ ਦੇ ਗਿਆਤਾ ਨਾਮਧਾਰੀ ਪੰਥ ਦੇ ਉੱਘੇ ਕਥਾਕਾਰ ਸੰਤ ਨਿਸ਼ਾਨ ਸਿੰਘ ਜੀ ਨੂੰ ਮਾ. ਨਿਹਾਲ ਸਿੰਘ ਯਾਦਗਾਰੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। ਆਉਣ ਵਾਲੀਆਂ ਪੀੜ੍ਹੀਆਂ ਲਈ ਗੁਰਮਤਿ ਦੇ ਵੱਡਮੁੱਲੇ ਕਾਰਜ ਕਰਨ ਵਾਲੇ ਸੰਤ ਕ੍ਰਿਪਾਲ ਸਿੰਘ ਚਾਨਾ ਜੀ ਨੂੰ ਸੇਵਾ ਸਨਮਾਨ ਨਾਲ ਸਤਿਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਹੋਈਆਂ। ਬੀਬੀ ਸਤਵੰਤ ਕੌਰ ਦਿੱਲੀ ਜੀ ਅਧਿਆਪਕ ਤੋਂ ਸ਼ੁਰੂ ਹੋ ਪ੍ਰਿੰਸੀਪਲ ਤੱਕ ਉੱਚ ਅਤੇ ਸਨਮਾਨਯੋਗ ਅਹੁਦਿਆਂ ਤੇ ਬਿਰਾਜਮਾਨ ਰਹਿ ਕੇ ਨਿਮਰਤਾ ਅਤੇ ਸਾਦਗੀ ਨਾਲ ਸਮਰਪਿਤ ਹੋ ਕਾਰਜ ਕਰਮ ਕੀਤੇ ਅਤੇ ਸਤਿਗੁਰੂ ਜੀ ਦੀਆਂ ਖੁਸ਼ੀਆਂ ਨਾਲ ਸੇਵਾ ਸਨਮਾਨ ਪ੍ਰਾਪਤ ਕੀਤਾ। ਨਾਮਧਾਰੀ ਪੰਥ ਦੇ ਉੱਘੇ ਵਿਦਵਾਨ ਸਤਿਗੁਰੂ ਜੀ ਦੇ ਪਿਆਰੇ ਨਿੱਜੀ ਸੇਵਕ, ਉੱਘੇ ਵਕਤਾ ਅਤੇ ਲੇਖਕ ਸੰਤ ਹਰਪਾਲ ਸਿੰਘ ਸੇਵਕ ਜੀ ਨੂੰ ਹਜ਼ੂਰ ਪਾਤਸ਼ਾਹ ਜੀ ਵੱਲੋਂ 'ਸੂਬਾ ਕਰਤਾਰ ਸਿੰਘ ਹੋਠੀਆਂ ਪੁਰਸਕਾਰ' ਨਾਲ ਨਿਵਾਜਿਆ ਗਿਆ। ਪੰਜਾਬੀ ਦੇ ਉੱਘੇ ਵਿਦਵਾਨ ਅਤੇ ਇਤਿਹਾਸਕਾਰ ਡਾ. ਧਰਮ ਸਿੰਘ ਜੀ ਨੂੰ 'ਸੰਤ ਸੰਤੋਖ ਸਿੰਘ ਬਾਹੋਵਾਲ ਪੁਰਸਕਾਰ' ਨਾਲ ਸਤਿਗੁਰੂ ਜੀ ਨੇ ਆਪਣੇ ਪਾਵਨ ਹਸਤ ਕੰਵਲਾਂ ਨਾਲ ਸਨਮਾਨਿਤ ਕੀਤਾ ਗਿਆ। ਨਾਮਧਾਰੀ ਦਰਬਾਰ ਵੱਲੋਂ 'ਸੰਤ ਸੰਤੋਖ ਸਿੰਘ ਬਾਹੋਵਾਲ ਪੁਰਸਕਾਰ' ਇਸ ਸ੍ਰੀ ਮਸਤਾਨਗੜ੍ਹ ਦੇ ਹੋਲੇ ਮਹੱਲੇ ਤੇ ਸ਼ੁਰੂ ਕੀਤਾ ਗਿਆ।

ਹਜ਼ੂਰ ਪਾਤਸ਼ਾਹ ਸ੍ਰੀ ਸਤਿਗੁਰੂ ਜੀ ਦੇ ਇਸ ਪਾਵਨ ਦਰਬਾਰ ਦਾ ਸਟੇਜ ਸੰਚਾਲਨ ਵੱਖ ਵੱਖ ਸਮੇਂ ਨਾਮਧਾਰੀ ਦਰਬਾਰ ਦੇ ਪ੍ਰਧਾਨ ਸੂਬਾ ਬਲਵਿੰਦਰ ਸਿੰਘ ਝੱਲ,ਪੰਡਿਤ ਯਾਦਵਿੰਦਰ ਸਿੰਘ ਜੀ, ਸੰਤ ਹਰਪਾਲ ਸਿੰਘ ਜੀ ਸੇਵਕ, ਸੰਤ ਗੁਰਲਾਲ ਸਿੰਘ ਗਿੱਲ, ਜੱਥੇਦਾਰ ਨਿਸ਼ਾਨ ਸਿੰਘ ਜੀ ਦਿੱਲੀ ਨੇ ਬੜੇ ਸੁਚੱਜੇ ਢੰਗ ਅਤੇ ਹਲੀਮੀ ਨਾਲ ਕੀਤਾ।ਸਤਿਗੁਰੂ ਜੀ ਦੇ ਦਰਬਾਰ ਦਾ ਇਹ ਸਤਜੁਗੀ ਨਜ਼ਾਰਾ ਲੱਖਾਂ ਦੀ ਗਿਣਤੀ ਵਿੱਚ

ਇੱਕ ਰਸ, ਅਨੰਦ ਚਿੱਤ ਬੈਠੀ ਸਿਮਰਨ ਕਰ ਰਹੀ ਸਾਧ ਸੰਗਤ ਮਾਣ ਰਹੀ ਸੀ। ਹੋਲੇ ਮੁਹੱਲੇ ਤੇ 6 ਮਾਰਚ ਨੂੰ ਗੁਰੂ ਤੇਗ ਬਹਾਦਰ ਜੀ ਨੂੰ ਸਮਰਿਪਤ ਨਾਟਕ ਵੀ ਖੇਡਿਆ ਗਿਆ ਅਤੇ ਕਵੀ ਦਰਬਾਰ ਵੀ ਹੋਇਆ ਜਿੱਥੇ ਕਵੀਆਂ ਨੇ ਆਪਣੀਆਂ ਕਵਿਤਾਵਾਂ ਦੇ ਰੰਗ ਬੰਨੇ। ਗੁਰਬਾਣੀ ਦਾ ਇਹ ਸ਼ਬਦ ਰੂਪਮਾਨ ਹੋ ਰਿਹਾ ਸੀ –

ਪ੍ਰਗਟਿਓ ਜੋਤਿ ਸਹਜ ਸੁਖ ਸੋਭਾ ਬਾਜੇ ਅਨਹਤ ਬਾਨੀ।
ਕਹੁ ਨਾਨਕ ਨਿਹਚਲ ਘਰੁ ਬਾਧਿਓ ਗੁਰ ਕੀਓ ਬੰਧਾਨੀ।

ਸ੍ਰੀ ਮਸਤਾਨਗੜ੍ਹ ਦੀਆਂ ਸੜਕਾਂ, ਇਲਾਕੇ ਦਾ ਹਰ ਗਲੀ-ਮੁਹੱਲਾ ਦੁੱਧ ਚਿੱਟੇ ਬਸਤਰਾਂ ਵਾਲੀ ਨਾਮਧਾਰੀ ਸੰਗਤ ਨਾਲ ਰੰਗਿਆ ਹੋਇਆ ਸੀ, ਹਰ ਪੁਰਸ ਦੇ ਮੁਖੜੇ 'ਤੇ ਖੁਸ਼ੀਆਂ, ਖੇੜਾ ਅਤੇ ਅਨੰਦ ਸੀ, ਸੰਗਤਾਂ ਦਾ ਇੰਨਾ ਵੱਡਾ ਸੈਲਾਬ ਦੇਖਕੇ ਹਰ ਮਨੁੱਖ ਦੀ ਰੂਹ ਵਿੱਚੋਂ ਖੁਸੀਆਂ ਦੇ ਫੁਹਾਰੇ ਫੁਟ ਰਹੇ ਸਨ। ਦੂਰ ਦੁਰਾਡੇ ਤੱਕ ਫੈਲੀ ਵੱਡੀ ਕਾਰ ਪਾਰਕਿੰਗ ਵਿੱਚ ਗੱਡੀ ਖੜ੍ਹਾ ਕੇ ਬਾਹਰ ਆਉਂਦਿਆਂ ਸੰਗਤਾਂ ਦੀ ਸੇਵਾ ਲਈ ਤਾਜ਼ੇ ਗੰਨੇ ਦੇ ਜੂਸ ਦੀਆਂ ਛਬੀਲਾਂ ਚੱਲ ਰਹੀਆਂ ਸਨ, ਸੇਵਾਦਾਰ ਬੜੇ ਚਾਅ ਨਾਲ ਸੰਗਤ ਦੀ ਸੇਵਾ ਕਰ ਆਪਣੇ ਧੰਨਭਾਗ ਸਮਝ ਰਹੇ ਸਨ। ਜੂਸ ਕੋਈ ਜਿੰਨਾਂ ਮਰਜੀ ਪੀਵੇ, ਜਿੰਨਾਂ ਮਰਜੀ ਲੈ ਕੇ ਜਾਵੇ ਦਾਤੇ ਦੀਆਂ ਮਿਹਰਾਂ ਸਨ। ਮੇਲੇ ਵਿੱਚ ਥਾਂ-ਥਾਂ ਸਾਧ ਸੰਗਤ ਲਈ ਬ੍ਰਹਮੀ ਸਰਬਤ, ਲਾਹੌਰੀ ਜ਼ੀਰਾ, ਕੁਲਫੀਆਂ, ਆਈਸ ਕਰੀਮ ਦੀਆਂ ਸਟਾਲਾਂ ਸਨ। ਥਾਂ-ਥਾਂ ਫਲ, ਮੇਵੇ ਅਤੇ ਬੱਚਿਆਂ ਨੂੰ ਟਾਫੀਆਂ ਵਰਤਾਈਆਂ ਜਾ ਰਹੀਆਂ ਸਨ। ਇੱਥੇ ਹੀ ਇੱਕ ਪਾਸੇ ਆਰਜੀ ਤੌਰ 'ਤੇ ਬਾਜ਼ਾਰ ਤਿਆਰ ਕੀਤਾ ਗਿਆ ਸੀ। ਜਿੱਥੇ ਦੁਕਾਨਾਂ ਦੀਆਂ ਲੰਮੀਆਂ ਕਤਾਰਾਂ ਸਨ। ਇਹਨਾਂ ਦੁਕਾਨਾਂ ਤੋਂ ਤੁਸੀ ਨਾਮਧਾਰੀ ਚਿੰਨ੍ਹ, ਮਾਲਾ, ਪਊਏ, ਖੜਾਵਾਂ, ਕੰਘੇ, ਆਸਣ, ਚਿੱਟੇ ਬਸਤਰਾਂ ਦੀਆਂ ਅਨੇਕਾਂ ਵਰੈਟੀਆਂ, ਸਤਿਗੁਰੂ ਸਾਹਿਬਾਨ ਦੀਆਂ ਮਨਮੋਹਕ ਤਸਵੀਰਾਂ, ਘਰ ਦੀਆਂ ਚੀਜ਼ਾਂ, ਰਸੋਈ ਦਾ ਸਮਾਨ, ਮਿੱਟੀ ਦੇ ਕੂਕਰ, ਤਵੇ, ਚਕਲੇ, ਵੇਲਣੇ, ਬੱਚਿਆਂ ਦੇ ਖਿਲੌਣੇ ਖ਼ਰੀਦ ਸਕਦੇ ਸੋਂ। ਇਥੋਂ ਦੀਆਂ ਸੰਗਤਾਂ ਦੀ ਭੀੜ ਛਪਾਰ ਦੇ ਮੇਲੇ ਨੂੰ ਮਾਤ ਪਾ ਰਹੀ ਧਨੀ ਰਾਮ ਚਾਤ੍ਰਿਕ ਦੇ ਇਹਨਾਂ ਸ਼ਬਦਾਂ ਦੀ ਯਾਦ ਦਿਵਾ ਰਹੀ ਸੀ–

ਕਿੰਨਾਂ ਹੈ ਵਿਸਾਖੀ ਵਾਲਾ ਮੇਲਾ ਭਰਿਆ।
ਜਾਏ ਨਾ ਬਜ਼ਾਰਾਂ ਵਿੱਚ ਪੈਰ ਧਰਿਆ।

ਮਨ ਵਿੱਚ ਆ ਰਿਹਾ ਸੀ ਇੰਨੀ ਵੱਡੀ ਗਿਣਤੀ ਵਿੱਚ ਸਾਧ ਸੰਗਤ ਦਾ ਰੈਣ ਬਸੇਰਾ ਕਿਵੇਂ ਤੇ ਕਿੱਥੇ ਹੋਵੇਗਾ? ਅਸੀਂ ਵੀ ਰਾਤਾਂ ਗੁਜਾਰਨੀਆਂ ਸਨ। ਪਹਿਲਾਂ ਜਾਂਦਿਆਂ ਹੀ ਡੇਰਾ ਪ੍ਰਬੰਧਕਾਂ ਦਾ ਟੈਂਟ ਲੱਗਿਆ ਹੋਇਆ ਸੀ। ਜਿੱਥੇ ਬਹੁਤ ਹੀ ਪਿਆਰ ਅਤੇ ਸਤਿਕਾਰ ਨਾਲ ਡੇਰੇ ਦਿੱਤੇ ਜਾ ਰਹੇ ਸਨ। ਡੇਰਾ ਲੈਣ ਵਾਲੇ ਭਾਈਆਂ ਦਾ ਐਡਰੈੱਸ ਲਿਖਕੇ ਪ੍ਰਬੰਧਕ ਆਸੇ-ਪਾਸੇ ਦੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਵਰੋਸਾਏ ਹੋਏ ਦਰਜਨਾਂ ਨਗਰਾਂ ਤੋਂ ਇਲਾਵਾ ਐਸ.ਪੀ.ਐਸ ਸਕੂਲ, ਸਤਿਗੁਰੂ ਹਰੀ ਸਿੰਘ ਮਹਾਂ ਵਿਦਿਆਲਾ ਅਤੇ ਕਈ ਬੁੱਕ ਹੋਟਲਾਂ ਵਿੱਚ ਸੰਗਤ ਨੂੰ ਆਪ ਨਾਲ ਜਾਕੇ ਛੱਡ ਆਉਂਦੇ ਸਨ। ਡੇਰਾ ਪ੍ਰਬੰਧਕ ਦੀ ਸੇਵਾ ਸਤਿਗੁਰੂ ਜੀ ਦੇ ਪਿਆਰੇ ਸਿੱਖ ਸੰਤ ਬਲਦੇਵ ਸਿੰਘ, ਸੰਤ ਗਿਆਨ ਸਿੰਘ ਅਤੇ ਕਾਕਾ ਬੰਤਾ ਸਿੰਘ ਜੀ ਬਹੁਤ ਖੁਸ਼ੀ ਅਤੇ ਚਾਅ ਨਾਲ ਨਿਭਾਅ ਰਹੇ ਸਨ। ਸਾਨੂੰ ਵੀ ਸੰਤ ਨਗਰ ਵਿਖੇ ਸ. ਮੋਹਨ ਸਿੰਘ ਜੀ ਦੇ ਨਿਵਾਸ ਸਥਾਨ ਤੇ ਡੇਰਾ ਮਿਲਿਆ। ਬਹੁਤ ਸੁੰਦਰ ਰੈਣ ਬਸੇਰਾ ਵੀ ਹੋਇਆ, ਪਰਿਵਾਰ ਨਾਲ ਸਤਿਗੁਰਾਂ ਦਾ ਹਰਜੱਸ ਵੀ ਹੋਇਆ। ਸੰਤ ਮੋਹਨ ਸਿੰਘ ਜੀ ਦੇ ਪਰਿਵਾਰ ਨੇ ਸਾਡੀ ਲੋੜ ਤੋਂ ਵੱਧ ਸੇਵਾ ਅਤੇ ਆਓ ਭਗਤ ਕੀਤੀ। ਸੰਤ ਗੁਰਮੀਤ ਸਿੰਘ ਚਾਨਾ ਜੀ ਨੇ ਦੱਸਿਆ ਕਿ ਇਲਾਕੇ ਵਿੱਚ ਸੰਗਤ ਦੀ ਆਓ ਭਗਤ ਲਈ ਡਾਢਾ ਚਾਅ ਸੀ। ਇਲਾਕੇ ਦੀ ਸੰਗਤ ਨੇ ਆਪਣੀਆਂ ਨਵੀਆਂ ਬਣੀਆਂ ਕੋਠੀਆਂ ਡੇਰਿਆਂ ਲਈ ਖੁਸ਼ੀਆਂ ਨਾਲ ਅਰਪਣ ਕੀਤੀਆਂ ਹੋਈਆਂ ਸਨ। ਵਿਸ਼ਾਲ ਪੰਡਾਲ ਦੇ ਨਾਲ ਹੀ ਸਾਧ ਸੰਗਤ ਦੇ ਆਰਾਮ ਕਰਨ ਲਈ ਇਕ ਹੋਰ ਵੱਡਾ ਪੰਡਾਲ ਸੀ। ਜਿਸ ਵਿੱਚ ਸਾਧ ਸੰਗਤ ਦਰੀਆਂ ਤੇ ਬੈਠ ਆਰਾਮ ਕਰ ਰਹੀ ਸੀ ਅਤੇ ਆਪਣੇ ਰਿਸ਼ਤੇਦਾਰਾਂ, ਮਿੱਤਰਾਂ ਪਿਆਰਿਆਂ ਨੂੰ ਮਿਲ ਰਹੀ ਸੀ ਜਿੱਥੇ ਇਕ ਵੱਡੀ ਡਿਜ਼ੀਟਲ ਸਕਰੀਨ ਤੇ ਗੁਰਮਤਿ ਨੂੰ ਪਰਨਾਏ ਨਾਮਧਾਰੀ ਅਕਾਦਮੀ, ਮਹਾਂਵਿਦਿਆਲਾ, ਐਸ.ਪੀ. ਐਸ ਇੰਟਰਨੈਸ਼ਨਲ ਸਕੂਲ ਦੀਆਂ ਵਿਸ਼ੇਸ਼ਤਾਵਾਂ ਦਾ ਜਿਕਰ ਹੋ ਰਿਹਾ ਸੀ । ਇਥੇ ਹੀ ਨਾਮਧਾਰੀਆਂ ਦੇ ਸਦੀਆਂ ਪੁਰਾਣੇ, ਹਰਮਨ ਪਿਆਰੇ ਸਤਿਜੁਗ ਦਾ ਸ਼ਮਿਆਨੇ ਵਿੱਚ ਬਣਿਆਂ ਦਫ਼ਤਰ ਸੀ। ਜਿੱਥੇ ਹਜੂਰ ਪਾਤਸ਼ਾਹ ਜੀ ਦੀ ਬਖਸ਼ਿਸ਼ ਨਾਲ ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਜੀ ਦਾ ਨਵੇਂ ਛਪੇ 'ਸਤਿਜੁਗ' ਦੇ ਸਾਲਾਨਾ ਅੰਕ ਨੂੰ ਨਿਹਾਰ ਕੇ ਬਹੁਤ ਖੁਸ਼ੀ ਮਿਲੀ। ਸਤਿਜੁਗ ਦੇ ਇਸ ਦਫ਼ਤਰ ਵਿੱਚ ਨਾਮਧਾਰੀ ਦਰਬਾਰ ਦੀਆਂ ਪ੍ਰਕਾਸ਼ਨਾਵਾਂ, ਇਤਿਹਾਸਕਾਰਾਂ ਦੇ ਖੋਜ ਭਰਪੂਰ ਗ੍ਰੰਥ, ਪੁਸਤਕਾਂ, ਨਾਮਧਾਰੀ ਨਿੱਤਨੇਮ, ਕਵਿਤਾਵਾਂ, ਲਿਖਤਾਂ, ਕਿਤਾਬਚਿਆਂ ਦਾ ਮਨਮੋਹਕ ਭੰਡਾਰ ਸੀ। ਸਤਿਜੁਗ ਦਾ ਸਾਲਾਨਾ ਅੰਕ ਸਤਿਜੁਗ ਦਾ ਚੰਦਾ ਦੇਣ ਵਾਲਿਆਂ ਲਈ ਮੁਫ਼ਤ ਹੀ ਸੀ ਅਤੇ ਬਾਕੀ ਖੋਜ ਭਰਪੂਰ ਪੁਸਤਕਾਂ ਵੀ ਬਹੁਤ ਹੀ ਥੋੜੀ ਜਿਹੀ ਨਾ ਮਾਤਰ ਕੀਮਤ ਤੇ ਉਪਲੱਬਧ ਸਨ। ਇਸ ਦਫ਼ਤਰ ਵਿੱਚ ਸਤਿਜੁਗ ਦੇ ਨੌਜਵਾਨ ਸੰਪਾਦਕ ਸੰਤ ਗੁਰਲਾਲ ਸਿੰਘ ਗਿੱਲ,

ਕਾਕਾ ਜਸਵੰਤ ਸਿੰਘ, ਸੰਤ ਮਲਕੀਤ ਸਿੰਘ ਅਤੇ ਰਵਿੰਦਰ ਸਿੰਘ ਰਵੀ ਸੰਗਤ ਨੂੰ ਜੀ ਆਇਆਂ ਆਖ ਰਹੇ ਸਨ ਅਤੇ ਸਤਿਜੁਗ ਦੀਆਂ ਸੁਚੱਜੇ ਢੰਗ ਅਤੇ ਖੁਸ਼ੀਆਂ ਨਾਲ ਜਿੰਮੇਵਾਰੀਆਂ ਨਿਭਾਅ ਰਹੇ ਸਨ।

ਸਤਿਜੁਗ ਦੇ ਸ਼ਮਿਅਨੇ ਵਿੱਚ ਬਣੇ ਦਫ਼ਤਰ ਦੇ ਨਾਲ ਹੀ ਜਲੰਧਰ ਤੋਂ ਛਪਦੇ ਮਹੀਨਾਵਾਰ 'ਮੈਗਜ਼ੀਨ ਵਰਿਆਮ' ਦਾ ਦਫ਼ਤਰ ਸੀ। ਵਰਿਆਮ ਮੈਗਜ਼ੀਨ ਜਿੱਥੇ ਨਾਮਧਾਰੀ ਗਤੀਵਿਧੀਆਂ ਨੂੰ ਰੂਪਮਾਨ ਕਰਦਾ ਹੈ ਉੱਥੇ ਪੰਜਾਬੀ ਮਾਂ ਬੋਲੀ,ਭਾਸ਼ਾ, ਸਾਹਿਤ ਅਤੇ ਪੰਜਾਬੀ ਸੱਭਿਆਚਾਰ ਨੂੰ ਸਮਰਪਿਤ ਸਾਹਿਤਕ ਅੰਕ ਹੈ। ਇਥੇ ਵਰਿਆਮ ਦੇ ਸੰਪਾਦਕ ਡਾ. ਰਾਜਵੰਤ ਕੌਰ ਅਤੇ ਉਹਨਾਂ ਦਾ ਸਪੁੱਤਰ ਆਪਣੀ ਸੇਵਾ ਨਿਭਾਅ ਰਹੇ ਸਨ।

ਇਸਦੇ ਨਾਲ ਹੀ ਮਾਸਿਕ ਮੈਗਜ਼ੀਨ 'ਵਰਤਮਾਨ ਹਿੰਦੋਸਤਾਨ' ਦਾ ਦਫ਼ਤਰ ਸੀ ਜਿੱਥੇ ਵਰਤਮਾਨ ਹਿੰਦੋਸਤਾਨ ਦੇ ਸੰਪਾਦਕ ਸਤਿਕਾਰਯੋਗ ਸਰਵ ਸ਼ਕਤੀਮਾਨ ਜੀ ਆਪਣੇ ਖੁਸ਼ੀਆਂ ਭਰੇ ਵਰਤਾਰੇ ਨਾਲ ਸੰਗਤ ਨੂੰ ਜੀ ਆਇਆਂ ਆਖ ਰਹੇ ਸਨ। ਵਰਤਮਾਨ ਹਿੰਦੋਸਤਾਨ ਦਿੱਲੀ ਤੋਂ ਛਪਦਾ ਹੈ ਜਿਸ ਵਿੱਚ ਜਿੱਥੇ ਨਾਮਧਾਰੀ ਗਤੀਵਿਧੀਆਂ ਦਾ ਵਰਨਣ ਹੁੰਦਾ ਹੈ ਉੱਥੇ ਕੋਈ ਵਿਸ਼ੇਸ਼ ਰਾਜਨੀਤਕ ਗਤੀਵਿਧੀਆਂ ਅਤੇ ਖੋਜ਼ ਭਰਪੂਰ ਲਿਖਤਾਂ ਸੰਪਾਦਕ ਦੀ ਵਿਦਵਤਾ ਨੂੰ ਸਨਮੁੱਖ ਕਰਦੀਆਂ ਹਨ। ਇਕ ਸਮਿਆਨੇ ਵਿੱਚ ਸਤਿਗੁਰੂ ਪ੍ਰਤਾਪ ਸਿੰਘ ਅਕਾਦਮੀ ਸ੍ਰੀ ਭੈਣੀ ਸਾਹਿਬ ਦਾ ਦਫ਼ਤਰ ਸੀ ਜਿੱਥੇ ਅਕਾਦਮੀ ਦੇ ਪ੍ਰਿੰਸੀਪਲ ਅਤੇ ਸਟਾਫ ਅਕਾਦਮੀ ਦੀਆਂ ਅਮੀਰ ਵਿਰਾਸਤੀ, ਨਵੀਨਤਮ ਵਿਸ਼ੇਸ਼ਤਾਵਾਂ, ਖੇਡਾਂ, ਨਾਮਧਾਰੀ ਸਪੋਰਟਸ ਅਕਾਦਮੀ ਅਤੇ ਵਿਦਿਆਰਥੀਆਂ ਦੀ ਚੰਗੇਰੇ ਭਵਿੱਖ ਦੀਆਂ ਜਾਣਕਾਰੀਆਂ ਸਾਂਝੀਆਂ ਕਰ ਰਹੇ ਸਨ।

ਇਸ ਸਥਾਨ ਤੇ ਹੀ ਸ੍ਰੀ ਮਸਤਾਨਗੜ੍ਹ ਗੁਰਦੁਆਰਾ ਸਾਹਿਬ ਦੇ ਸਨਮੁਖ ਇਹ ਹੋਲਾ ਮੁਹੱਲਾ ਕਰਾਉਣ ਵਾਲੇ ਸਤਿਕਾਰ ਯੋਗ ਸੰਤ ਬਲਦੇਵ ਸਿੰਘ ਬਾਜਵਾ ਜੀ ਦੇ ਦਰਸਨ ਹੋਏ। ਉਹਨਾਂ ਨਾਲ ਹੋਲੇ ਮੁਹੱਲੇ ਦੀਆਂ ਰੌਣਕਾਂ ਬਾਰੇ ਗੱਲਬਾਤ ਹੋਈ ਤਾਂ ਮੈ ਆਖਿਆ "ਸ੍ਰੀ ਮਸਤਾਨਗੜ੍ਹ ਤਾਂ ਇੰਦਰਪੁਰੀ ਦਾ ਰੂਪ ਧਾਰਨ ਕਰ ਗਿਆ ਹੈ।"

ਤਾਂ ਬਾਜਵਾ ਜੀ ਨੇ ਆਖਿਆ " ਇੰਦਰਪੁਰੀਆਂ ਬਣਾਉਣ ਵਾਲਾ ਮਾਲਕ ਸਤਿਗੁਰੂ ਜੋ ਸਾਡੇ ਵਿਹੜੇ ਆਇਆ ਹੋਇਐ।" ਬਾਜਵਾ ਸਾਹਿਬ ਨੇ ਮੇਰੇ ਸਪੁੱਤਰ ਲੱਖਾ ਸਿੰਘ ਨਾਲ ਮੇਰੇ ਪਿਤਾ ਸੰਤ ਹਰਦੇਵ ਸਿੰਘ ਜੀ ਦੀ ਸੇਵਾ ਸਮਰਪਣ ਦੀ ਜ਼ਿੰਦਗੀ ਅਤੇ ਗਦਾਡੋਬ ਬਾਰੇ ਵੀ ਬਚਨ ਬਿਲਾਸ ਕੀਤੇ ਅਤੇ ਸੰਤ ਹਰਪਾਲ ਸਿੰਘ ਸੇਵਕ ਜੀ ਦੁਆਰਾ ਹੋਲੇ ਮੁਹੱਲੇ ਤੇ ਛਾਪਿਆ ਵਿਸ਼ੇਸ਼ ਅੰਕ ਵੀ ਭੇਂਟ ਕੀਤਾ।

ਮੈਨੂੰ ਕਈ ਵਾਰ ਮਹਿਸੂਸ ਹੁੰਦਾ ਹੈ ਕਿ ਜਿਸ ਕਿਸੇ ਨੇ ਕੋਈ ਪੂਰਬਲੇ ਕਰਮ ਕੀਤੇ ਨੇ ਉਹ ਹੀ ਨਾਮਧਾਰੀ ਪਰਿਵਾਰ ਵਿੱਚ ਜਨਮ ਲੈਂਦਾ ਹੈ। ਬੇਅੰਤ ਪਾਤਸਾਹ ਸਤਿਗੁਰੂ ਜਗਜੀਤ ਸਿੰਘ ਜੀ ਅਤੇ ਹਜ਼ੂਰ ਪਾਤਿਸ਼ਾਹ ਸਤਿਗੁਰੂ ਉਦੇ ਸਿੰਘ ਜੀ ਵਰਗਾ ਅਕਾਲ ਪੁਰਖ ਸਤਿਗੁਰੂ ਮਿਲਣਾ ਕਈ ਜਨਮਾਂ ਦੇ ਕੀਤੇ ਵੱਡੇ ਪੁੰਨ ਹੀ ਹੋ ਸਕਦੇ ਨੇ। ਮੈਂ ਦੁਨੀਆਂ ਵਿੱਚ ਹਰ ਪੱਧਰ ਤੇ ਨਜ਼ਰ ਘੁੰਮਾ ਕੇ ਵੇਖਦਾ ਹਾਂ ਤਾਂ ਦੁਨੀਆਂ ਵਿੱਚ ਕਿਸੇ ਵੀ ਧਰਮ ਵਿੱਚ ਕੋਈ ਵੀ ਅਜਿਹਾ ਧਾਰਮਿਕ ਗੁਰੂ ਨਜ਼ਰ ਨਹੀ ਆਉਂਦਾ ਜੋ ਸਾਡੇ ਸਤਿਗੁਰੂ ਸਾਹਿਬਾਨ ਵਾਂਗ ਸਾਡੀ ਜਿੰਦਗੀ ਦੇ ਪਲ-ਪਲ ਨੂੰ ਮਾਪਿਆਂ ਵਾਂਗ ਵਾਚਦਾ ਹੋਵੇ ਅਤੇ ਆਪਣੇ ਸਿੱਖਾਂ ਲਈ ਆਪਣੀ ਸੰਗਤ ਲਈ ਅਤੇ ਉਹਨਾਂ ਦੇ ਦੋਹਾਂ ਜਹਾਨਾਂ ਦੇ ਚੰਗੇਰੇ ਭਵਿੱਖ ਲਈ ਖੁਸ਼ੀਆਂ ਦੇ ਭੰਡਾਰੇ ਖੋਲ੍ਹਦਾ ਹੋਵੇ। ਪਾਤਿਸ਼ਾਹ ਜੀ ਦੀ ਬਖਸ਼ਿਸ਼ ਨਾਲ ਨਿੱਕੇ ਨਿੱਕੇ ਬੱਚਿਆਂ ਲਈ ਸ੍ਰੀ ਮਸਤਾਨਗੜ੍ਹ ਗੁਰਦੁਆਰਾ ਸਾਹਿਬ ਦੇ ਵਿਹੜੇ ਵਿੱਚ "ਆਓ ਬਿਸ਼ਨ ਸਿੰਘ ਵਾਰਸੋ" ਦਾ ਵੱਡਾ ਬੈਨਰ ਲੱਗਿਆ ਹੋਇਆ ਸੀ। ਜਿੱਥੇ ਨਿੱਕੇ-ਨਿੱਕੇ ਗੋਦੀ ਚੁੱਕੇ ਅਤੇ ਛੋਟੀ ਉੱਮਰ ਦੇ ਬੱਚਿਆਂ ਦੀਆਂ ਗਤੀਵਿਧੀਆਂ ਵੇਖ ਮਨ ਦੰਗ ਰਹਿ ਗਿਆ ਕਿ ਕਿਵੇਂ ਛੋਟੀਆਂ-ਛੋਟੀਆਂ ਕਰੂੰਬਲਾਂ ਕੋਈ ਗੁਰਬਾਣੀ ਦਾ ਪਾਠ ਸੁਣਾ ਰਿਹਾ ਸੀ, ਕੋਈ ਸੰਗੀਤ ਦੀਆਂ ਧੁਨਾਂ, ਕੋਈ ਕਵਿਤਾਵਾਂ ਸੁਣਾ ਰਿਹਾ ਸੀ ਤੇ ਕੋਈ ਅਰਦਾਸ, ਕੋਈ ਰੰਗਾਂ ਨਾਲ ਪੇਪਰ ਤੇ ਆਪਣੀ ਕਲਾ ਦੇ ਜੌਹਰ ਦਿਖਾ ਰਿਹਾ ਸੀ ਤੇ ਕੋਈ ਕੁਦਰਤ ਦੇ ਵੱਖ ਵੱਖ ਰੰਗਾਂ ਨੂੰ ਰੂਪਮਾਨ ਕਰ ਰਿਹਾ ਸੀ ਇਸ ਸਾਰੇ ਕਾਰਜ ਦੀ ਸੇਵਾ ਸੰਤ ਗੁਰਮੀਤ ਸਿੰਘ ਚਾਨਾ, ਸੰਤ ਮੰਗਲਜੀਤ ਸਿੰਘ ਕੈਨੇਡਾ, ਭੈਣ ਜੀ ਉਪਮਾ ਕੌਰ ਦਿੱਲੀ, ਬੀਬੀ ਰੋਜੀ, ਬੀਬੀ ਕੋਮਲ ਮੁਕਤਾ, ਬੀਬੀ ਹੰਸਪਾਲ ਅਤੇ ਬੀਬੀ ਪ੍ਰਵੀਨ ਕੌਰ ਕਰ ਰਹੇ ਸਨ। ਆਰਾਮ ਕਰਨ ਵਾਲੇ ਹਾਲ ਦੇ ਨਾਲ ਹੀ ਲੰਗਰ ਦੇ ਵੱਡੇ ਸ਼ਮਿਆਨੇ ਲੱਗੇ ਹੋਏ ਸਨ। ਆਸਾ ਦੀ ਵਾਰ ਦੀ ਸਮਾਪਤੀ ਤੋਂ ਬਾਅਦ ਲੱਖਾਂ ਦੀ ਗਿਣਤੀ ਵਿੱਚ ਹੋਲੇ ਮੁਹੱਲੇ ਦਾ ਅਨੰਦ ਮਾਣ ਰਹੀ ਸਾਧ ਸੰਗਤ ਨੇ ਪ੍ਰਸ਼ਾਦਾ ਪਾਣੀ ਛਕਣਾ ਹੁੰਦਾ ਹੈ ਤੇ ਲੰਗਰ ਵਿੱਚ ਇੱਕ ਦਮ ਰਸ਼ ਹੋ ਜਾਂਦਾ ਹੈ। ਪਰ ਜਿਉਂ ਹੀ ਹੱਥ ਸਾਫ਼ ਕਰਕੇ ਲੰਗਰ ਛਕਣ ਲਈ ਪਹੁੰਚੇ ਤਾਂ ਵੱਡੀ ਗਿਣਤੀ ਵਿੱਚ ਸੰਗਤ ਥਾਲੇ ਅਤੇ ਚੱਮਚੇ ਰੱਖ ਵੰਡ ਰਹੀ ਸੀ ਅਤੇ ਫਿਰ ਲਾਈਨਾਂ ਵਿੱਚ ਲੱਗਕੇ ਤਰ੍ਹਾਂ-ਤਰ੍ਹਾਂ ਦੇ ਪਦਾਰਥ, ਪ੍ਰਸ਼ਾਦੇ, ਭਾਜਾ, ਦਾਲੇ, ਮਿਸ਼ਠਾਨ ਪਦਾਰਥ, ਸਲਾਦ, ਅਚਾਰ, ਘਿਓ ਦੇ ਗੱਫੇ ਪ੍ਰਾਪਤ ਕਰ ਰਹੀ ਸੀ। ਗੁਰਬਾਣੀ ਦਾ ਇਹ ਪਾਵਨ ਸ਼ਬਦ ਮੈਨੂੰ

ਯਾਦ ਆ ਰਿਹਾ ਸੀ–

ਲੰਗਰਿ ਦਉਲਤਿ ਵੰਡੀਐ ਰਸੁ ਅੰਮ੍ਰਿਤੁ ਖੀਰਿ ਘਿਆਲੀ।

ਪਾਤਸ਼ਾਹ ਜੀ ਦੀ ਬਖਸ਼ਿਸ਼ ਨਾਲ ਸੇਵਾ ਅਤੇ ਅਨੁਸ਼ਾਸਨ ਦੇ ਪ੍ਰਬੰਧ ਕਾਬਿਲ-ਏ-ਤਾਰੀਫ਼ ਸਨ। ਲੰਗਰ ਵਿੱਚ ਹੇਠਾਂ ਪੋਲੇ ਗੱਦੇ ਅਤੇ ਉਪਰ ਗਲੀਚੇ ਵਿੱਛੇ ਹੋਏ ਸਨ। ਪ੍ਰਸਾਦੇ ਛਕਣ ਵਾਲੀ ਸੰਗਤ ਦੀਆਂ ਲੰਮੀਆਂ-ਲੰਮੀਆਂ ਪੰਗਤਾਂ ਲੱਗੀਆਂ ਹੋਈਆਂ ਸਨ। ਲੋੜ ਮੁਤਾਬਕ ਥਾਲੇ ਰੱਖਣ ਲਈ ਫਲੋਰ ਮੈਟ ਵਿਛਿਆ ਹੋਇਆ ਸੀ। ਲੰਗਰ ਵਰਤਾਉਣ ਵਾਲੇ ਸੇਵਾਦਾਰ ਵਰਤਾਰੇ ਪੰਗਤਾਂ ਵਿੱਚ ਕਿਸੇ ਕਿਸਮ ਦੀ ਕਿਸੇ ਵੀ ਪਦਾਰਥ ਦੀ ਇਕ ਸੈਕਿੰਡ ਲਈ ਵੀ ਤੋਟ ਨਹੀਂ ਆਉਣ ਦਿੰਦੇ ਸਨ। ਹਰ ਸੇਵਾਦਾਰ ਬੜੇ ਚਾਅ ਅਤੇ ਖੁਸ਼ੀਆਂ ਨਾਲ ਸੇਵਾ ਕਰ ਰਿਹਾ ਸੀ। ਲੰਗਰ ਛਕਣ ਤੋਂ ਬਾਅਦ ਭਾਂਡੇ ਧੋਣ, ਮਾਂਜਣ ਅਤੇ ਸਾਫ਼ ਕਰਨ ਦਾ ਪ੍ਰਬੰਧ ਬਾ ਕਮਾਲ ਸੀ। ਹੈਰਾਨ ਕਰਨ ਵਾਲੀ ਇਹ ਸੇਵਾ ਦੇਖ ਕੇ ਸੇਵਾਦਾਰਾਂ ਅੱਗੇ ਸਿਰ ਝੁਕਦਾ ਹੈ। ਸੰਗਤ ਦਾ ਇੰਨਾ ਭਾਰੀ ਇਕੱਠ ਹੋਣ ਦੇ ਬਾਵਜੂਦ ਵੀ ਭਾਂਡੇ ਮਿੰਟਾਂ-ਸਕਿੰਟਾਂ ਵਿੱਚ ਸਾਫ਼ ਹੋ ਰਹੇ ਸਨ। ਲੰਗਰ ਦੇ ਪਦਾਰਥਾਂ ਦਾ ਸਵਾਦ ਵੇਖਕੇ ਮੈਂ ਸੋਚ ਰਿਹਾ ਸਾਂ ਇਤਨੇ ਸਵਾਦ ਪਦਾਰਥ ਕੌਣ ਬਣਾ ਰਿਹਾ ਹੈ। ਜਦ ਮੈਂ ਲੰਗਰ ਬਨਣ ਵਾਲੇ ਪਾਸੇ ਗਿਆ ਤਾਂ ਸ੍ਰੀ ਭੈਣੀ ਸਾਹਿਬ ਵਾਲੇ ਲਾਂਗਰੀ ਸੇਵਾ ਅਤੇ ਅਗਵਾਈ ਕਰ ਰਹੇ ਸਨ। ਵੱਡੇ-ਵੱਡੇ ਕਈ-ਕਈ ਕੁਇੰਟਲਾਂ ਦੇ ਪਦਾਰਥਾਂ ਦੇ ਕੜਾਹੇ ਅਤੇ ਬਰਤਨਾਂ ਵਿਚੋਂ ਲੰਗਰ ਸਪਲਾਈ ਹੋ ਰਿਹਾ ਸੀ। ਪ੍ਰਸਾਦੇ ਬਨਾਣ ਵਾਲੇ ਪਾਸੇ ਦੁੱਧ ਚਿੱਟੇ ਪਹਿਰਾਵੇ ਵਿੱਚ ਦੇਵੀਆਂ ਦੇ ਰੂਪ ਵਿੱਚ ਸੈਂਕੜੇ ਬੀਬੀਆਂ ਲੋਹਾਂ ਤੇ ਪ੍ਰਸਾਦੇ ਪਕਾ ਰਹੀਆਂ ਸਨ। ਸੇਵਾ ਦੇ ਨਾਲ ਨਾਲ ਨਾਮ ਸਿਮਰਨ ਕਰ ਰਹੀਆਂ ਸਨ। ਭਾਈ ਆਟਾ ਗੁੰਨ੍ਹ ਰਹੇ ਸਨ। ਸੈਂਕੜੇ ਬੀਬੀਆਂ ਸਬਜ਼ੀਆਂ ਅਤੇ ਸਲਾਦ ਕੱਟ ਰਹੀਆਂ ਸਨ। ਸਬਜ਼ੀਆਂ ਕੱਟ ਰਹੀਆਂ ਬੀਬੀਆਂ ਵਿੱਚ ਗੁਰੂ ਮਹਿਲ ਪੂਜਯ ਮਾਤਾ ਗੁਰਸ਼ਰਨ ਕੌਰ ਜੀ ਵੀ ਸੇਵਾ ਕਰ ਰਹੇ ਸਨ। ਮਾਤਾ ਜੀ ਦੇ ਦਰਸ਼ਨ ਕਰਕੇ ਰੂਹ ਖੁਸ਼ੀਆਂ ਨਾਲ ਭਰ ਗਈ। ਮਾਤਾ ਜੀ ਦੇ ਚਰਨਾਂ ਤੇ ਨਮਸਕਾਰ ਕਰਕੇ ਮੈਂ ਆਪਣੇ ਧੰਨਭਾਗ ਸਮਝੇ। ਸ੍ਰੀ ਮਸਤਨਗੜ੍ਹ ਵਿੱਚ ਹਜ਼ੂਰ ਪਾਤਿਸ਼ਾਹ ਜੀ ਦੀ ਬਖਸ਼ਿਸ਼ ਦੇ ਇਹ ਭੰਡਾਰੇ ਵੇਖਕੇ ਮੇਰੇ ਸਨਮੁੱਖ ਭਾਈ ਗੁਰਦਾਸ ਜੀ ਦਾ ਇਹ ਸ਼ਬਦ ਯਾਦ ਆ ਗਿਆ–

ਚਾਰੇ ਚਕ ਨਿਵਾਇਓਨੁ ਸਿਖ ਸੰਗਤ ਆਵੈ ਅਗਣਤਾ
ਲੰਗਰੁ ਚਲੈ ਗੁਰ ਸਬਦਿ ਪੂਰੇ ਪੂਰੀ ਬਣੀ ਬਣਤਾ॥

ਹਜ਼ੂਰ ਪਾਤਿਸ਼ਾਹ ਜੀ ਨੇ ਇਸ ਇਲਾਕੇ ਦੀ ਸਾਧ ਸੰਗਤ ਨੂੰ ਬਹੁਤ ਖੁਸ਼ੀਆਂ ਬਖਸ਼ਿਸ ਕਰਦਿਆਂ ਫੁਰਮਾਇਆ ਕਿ "ਸਾਧ ਸੰਗਤ ਨੇ ਤਨ, ਮਨ, ਧਨ ਨਾਲ ਸੇਵਾ ਕੀਤੀ ਐ।ਹੋਲਾ ਸ਼ੁਰੂ ਹੋਣ ਤੋਂ ਬਹੁਤ ਦਿਨ ਪਹਿਲਾਂ ਕੀਤੀ ਐ।ਲੰਗਰ ਪਕਾਇਆ ਗਿਐ। ਛਕਾਇਆ ਗਿਆ।ਮੈਂ ਸਮਝਦਾਂ ਧੰਨ ਉਹ ਲਾਂਗਰੀ ਨੇ, ਧੰਨ ਉਹ ਬੀਬੀਆਂ ਨੇ ਜੋ ਸਾਰਾ ਦਿਨ ਪਕਾਉਂਦੇ ਰਹੇ ਨੇ, ਸਾਰਾ ਦਿਨ ਸੇਵਾ ਕਰਦੇ ਰਹੇ ਨੇ, ਇਹ ਸਿੱਖੀ ਦੀ ਇੱਕ ਅਲੌਕਿਕ ਚੀਜ਼ ਹੈ। ਇਹ ਸਿੱਖੀ ਦੀ ਅਨੂਠੀ ਚੀਜ਼ ਹੈ ਜਿੱਥੇ ਆਪਾਂ ਸੇਵਾ ਕਰਦੇ ਹਾਂ ਸੇਵਾ ਕਰਨ ਵਾਲਿਆਂ ਦੇ ਧੰਨ ਭਾਗ ਨੇ। ਸਤਿਗੁਰੂ ਪਾਤਸ਼ਾਹ ਜੀ ਦੀ ਉਹਨਾਂ ਤੇ ਬਹੁਤ ਕਿਰਪਾ ਹੈ ਉਹਨਾਂ ਤੇ ਬਹੁਤ ਖੁਸੀਆਂ ਨੇ। ਸੇਵਾ ਬਹੁਤ ਵੱਡੀ ਹੈ ਸੇਵਾ ਕਰਨਾ ਵੀ ਸਿਮਰਨ ਦਾ ਇਕ ਰਸਤਾ ਬਣ ਜਾਂਦੈ।" ਸ੍ਰੀ ਮਸਤਾਨਗੜ੍ਹ ਇਲਾਕੇ ਬਾਰੇ ਪ੍ਰਵਚਨ ਕਰਦਿਆਂ ਪਾਤਸ਼ਾਹ ਜੀ ਨੇ ਫੁਰਮਾਇਆ "ਇਹ ਇਲਾਕਾ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਸੁਪਨਾ ਹੈ। ਇਹ ਇਲਾਕਾ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਦੂਰਦਰਸਤਾ ਹੈ।"

ਸਤਿਗੁਰੂ ਜੀ ਨੇ ਇਹ ਵੀ ਫੁਰਮਾਇਆ ਕਿ **"ਗੁਰੂ ਤੁਹਾਡੇ ਤੋਂ ਕੀ ਮੰਗਦਾ ਹੈ? ਗੁਰੂ ਤੁਹਾਡੇ ਤੋਂ ਕੁਝ ਨਹੀ ਮੰਗਦਾ। ਉਹ ਚਾਹੁੰਦੇ ਹਨ ਮੇਰੇ ਬੱਚੇ ਸੁਖੀ ਹੋਣ, ਮੇਰੇ ਬੱਚੇ ਚੰਗੇ ਸਿੱਖ ਹੋਣ, ਇਹ ਸਿੱਖੀ ਨੂੰ ਆਪਾਂ ਸੰਭਾਲ ਕੇ ਰੱਖੀਏ ਅਤੇ ਅਰਦਾਸ ਵੀ ਕਰੀਏ। ਸਾਡੀਆਂ ਬਹੁਤ ਸਾਰੀਆਂ ਮੰਗਾਂ ਨੇ ਸਾਰੀਆਂ ਮੰਗਾਂ ਤੋਂ ਉੱਪਰ ਅਸੀ ਸਿੱਖੀ ਦੀ ਮੰਗ ਰੱਖ ਲਿਆ ਕਰੀਏ। ਸਿੱਖੀ ਸੁਖੀ ਰਹਿਣ ਦਾ ਇੱਕ ਰਸਤਾ ਏ। ਗੁਰਸਿੱਖੀ ਦੇ ਰੂਪ ਦਾ ਮਾਣ ਕਰਿਆ ਕਰੀਏ ਸਤਿਗੁਰੂ ਗੋਬਿੰਦ ਸਿੰਘ ਨੇ ਸਾਨੂੰ ਇਹ ਸਰੂਪ ਦਿੱਤਾ ਹੈ। ਸਤਿਗੁਰੂ ਰਾਮ ਸਿੰਘ ਨੇ ਗੁਰਸਿੱਖੀ ਨੂੰ ਮੁੜ ਸੁਰਜੀਤ ਕੀਤਾ। ਅਸੀਂ ਗੁਰਸਿੱਖੀ ਨੂੰ ਸੰਭਾਲੀਏ। ਬੱਚਿਆਂ ਦਾ ਸਿੱਖ ਹੋਣਾ ਮਾਵਾਂ ਦੇ ਹੱਥ ਹੈ। ਸ੍ਰੀ ਸਤਿਗੁਰੂ ਜੀ ਨੇ ਚੰਗੇ ਇਨਸਾਨ, ਚੰਗੇ ਗੁਰਸਿੱਖ ਬਨਣ, ਗੁਰਬਾਣੀ ਦਾ ਪਾਠ ਕਰਨ, ਸਿਮਰਨ ਕਰਨ"** ਨਿਸ਼ਕਾਮ ਸੇਵਾ ਕਰਨ ਲਈ ਸੰਗਤ ਨੂੰ ਕਲਿਆਣਕਾਰੀ ਪ੍ਰਵਚਨਾਂ ਨਾਲ ਨਿਵਾਜਿਆ। ਸੰਗਤ ਦਾ ਠਾਠਾਂ ਮਾਰਦਾ ਸਮੁੰਦਰ ਜੈਕਾਰਿਆਂ ਨਾਲ ਗੂੰਜ ਉੱਠਿਆ। ਸਾਰੀ ਸੰਗਤ ਦੇ ਚਿਹਰਿਆਂ ਤੇ ਖੁਸ਼ੀਆਂ ਖੇੜੇ ਸਨ। ਹਰ ਪ੍ਰਾਣੀ ਦੇ ਚੇਹਰੇ ਤੇ ਹੋਲੇ ਮੁਹੱਲੇ ਦਾ ਜਾਹੋ-ਜਲਾਲ ਸੀ। ਹਰ ਜੁਬਾਨ ਤੇ ਇਹ ਸ਼ਬਦ ਸਨ, ਧੰਨ ਸਤਿਗੁਰੂ ਉਦੇ ਸਿੰਘ ਜੀ... ਧੰਨ-ਧੰਨ ਸ੍ਰੀ ਸਤਿਗੁਰੂ ਉਦੇ ਸਿੰਘ ਜੀ...। ਦਸਮੇਸ਼ ਪਾਤਿਸ਼ਾਹ ਜੀ ਦਾ ਇਹ ਸ਼ਬਦ ਦਾ ਪ੍ਰਤੱਖ ਵਰਤਾਰਾ ਵਰਤ ਰਿਹਾ ਸੀ–

ਪੁਹਪਨ ਬ੍ਰਿਸਟਿ ਗਗਨ ਤੇ ਭਈ॥
ਸਭਹਿਨ ਆਨ ਬਧਾਈ ਦਈ॥

.....................................................



# ਸੰਤ ਨਿਹਾਲ ਸਿੰਘ ਰਚਿਤ ਬਾਰਾਂਮਾਹ: ਰਾਜਸੀ ਚੇਤਨਾ

**ਡਾ. ਕਿਰਨਪਾਲ ਸਿੰਘ**
**98149-26024**

ਰੁੱਤ ਤਬਦੀਲੀ ਨੂੰ ਅਧਾਰ ਬਣਾਕੇ ਅਤੇ ਬ੍ਰਿਹਾ ਵਿਛੁੰਨਿਆਂ ਦੀਆਂ ਸੰਵੇਦਨਾਵਾਂ ਦੇ ਸਫਲ ਪ੍ਰਗਟਾਵੇ ਵਾਲੇ ਕਾਵਿ ਰੂਪ 'ਬਾਰਾਂਮਾਹ' ਨੂੰ ਆਧਾਰ ਬਣਾਕੇ ਸੰਤ ਨਿਹਾਲ ਸਿੰਘ ਨੇ ਬਾਰਾਂਮਾਹ ਦੀ ਰਚਨਾ ਕੀਤੀ। ਇਸ ਬਾਰਾਂਮਾਹ ਵਿਚ ਜਿੱਥੇ ਨਾਮਧਾਰੀ ਗੁਰੂ ਰਾਮ ਸਿੰਘ ਦੇ ਬਸਤੀਵਾਦੀ ਹਾਕਮਾਂ ਵੱਲੋਂ ਸੰਗਤ ਨਾਲ ਪਾਏ ਵਿਛੋੜੇ ਦੇ ਦਰਦ ਦੀ ਹੂਕ ਦਾ ਹਿਰਦੇ-ਵੇਦਕ ਵਰਨਣ ਹੈ, ਉਥੇ ਰਾਜਨੀਤਿਕ ਤੌਰ „ਤੇ ਸੰਗਠਿਤ ਹੋਕੇ ਬਸਤੀਵਾਦੀ ਹਕੂਮਤ ਨਾਲ ਲੋਹਾ ਲੈਣ ਸਮੇਤ ਅਨੇਕਾਂ ਅਜਿਹੇ ਹਵਾਲੇ ਮਿਲਦੇ ਹਨ ਜੋ ਉਸ ਵੇਲੇ ਦੇ ਰਾਜਨੀਤਿਕ ਹਲਾਤਾਂ ਦੀ ਤਸਵੀਰ ਸਾਫ ਕਰਦੇ ਹੋਏ ਤਤਕਾਲੀਨ ਰਾਜਸੀ ਸਮੀਕਰਨਾਂ ਨੂੰ ਨਵਾਂ ਮੋੜ ਦੇਕੇ ਜਨ-ਸਾਧਾਰਨ ਦੀ ਰਾਜਸੀ ਚੇਤਨਾ ਨੂੰ ਹੋਰ ਤੀਬਰ ਕਰਦੇ ਹਨ।

ਨਾਮਧਾਰੀਆਂ ਦੀ ਰਾਜਸੀ ਚੇਤਨਾ ਧਾਰਮਿਕ ਵਿਸ਼ਵਾਸ ਉਪਰ ਟਿੱਕੀ ਹੋਈ ਸੀ। ਇਸੇ ਲਈ ਨਾਮਧਾਰੀ ਲਹਿਰ ਨੂੰ ਸਤਿਗੁਰੂ ਰਾਮ ਸਿੰਘ ਨੇ ਧਾਰਮਿਕ ਤੇ ਸਮਾਜਿਕ ਵਲਗਣਾ ਤੱਕ ਮਹਿਦੂਦ ਨਹੀਂ ਸੀ ਰੱਖਿਆ। ਉਨ੍ਹਾਂ ਆਪਣੀਆਂ ਰਾਜਨੀਤਿਕ ਗਤੀਵਿਧੀਆਂ ਰਾਹੀਂ ਉਸ ਵੇਲੇ ਭਾਰਤ ਦੇ ਸੁਤੰਤਰਤਾ ਸੰਗਰਾਮ ਵਿਚ ਨਵੀਂ ਰੂਹ ਫੂਕੀ ਸੀ, ਜਿਸਤੋਂ ਪ੍ਰਭਾਵ ਕਬੂਲਕੇ ਨਾਮਧਾਰੀ ਕਵੀ ਸੰਤ ਨਿਹਾਲ ਸਿੰਘ ਵੱਲੋਂ ਲਿਖੇ ਬਾਰਾਂਮਾਹ ਵਿਚ ਰਾਜਸੀ ਪੱਖ ਤੋਂ ਲੋਕਾਂ ਨੂੰ ਚੇਤੰਨ ਕਰਨ ਵਾਲੇ ਅੰਸ਼ਾਂ ਦੀ ਭਰਮਾਰ ਮਿਲਦੀ ਹੈ।

ਰਾਸ਼ਟਰਵਾਦੀ ਚਰਿਤਰ ਦਾ ਸੁਆਮੀ ਹੋਣ ਕਰਕੇ ਨਾਮਧਾਰੀ ਲਹਿਰ ਦੇ ਸਾਹਿਤ ਨੂੰ ਆਲੋਚਕ ਡਾ. ਸੁਖਦੇਵ ਸਿੰਘ ਸਿਰਸਾ ਨੇ ਸਾਡਾ ਕੌਮੀ ਸਰਮਾਇਆ ਮੰਨਿਆ ਹੈ।[1] ਨਾਮਧਾਰੀ ਲਹਿਰ ਦੇ ਕਾਵਿ ਵਿੱਚੋਂ ਉਪਜਦੀ ਰਾਜਸੀ ਚੇਤਨਾ ਵੱਲ ਧਿਆਨ ਕੇਂਦਰਿਤ ਕਰਦਿਆਂ ਵੇਖਦੇ ਹਾਂ ਕਿ ਸੰਤ ਨਿਹਾਲ ਸਿੰਘ ਦੇ ਬਾਰਾਂਮਾਹ ਵਿਚ ਸਤਿਗੁਰੂ ਰਾਮ ਸਿੰਘ ਪ੍ਰਤੀ ਸ਼ਰਧਾ ਦੇ ਪ੍ਰਗਟਾਵੇ ਬਾਰੇ ਲਿਖੀਆਂ ਸਤਰਾਂ ਵਿਚ ਬਰਤਾਨਵੀ ਬਸਤੀਵਾਦੀ ਸਰਕਾਰ ਦੇ ਵਿਰੋਧ ਵਿਚ ਜੂਝਣ ਅਤੇ ਕੌਮੀ ਅਜ਼ਾਦੀ ਲਈ ਤੜਪ ਦੇ ਅੰਸ਼ ਵਿਦਮਾਨ ਹਨ।

ਨਾਮਧਾਰੀ ਗੁਰੂ ਰਾਮ ਸਿੰਘ ਨੂੰ ਅੰਗਰੇਜ਼ ਬਸਤੀਵਾਦੀ ਸਰਕਾਰ ਵੱਲੋਂ ਬਸਤੀਕਾਰਾਂ ਦੇ ਵਿਰੁੱਧ ਗਤੀਵਿਧੀਆਂ ਨੂੰ ਅਧਾਰ ਬਣਾ ਕੇ 1818 ਈ: ਦੇ ਬੰਗਾਲ ਕਾਨੂੰਨ 3 ਅਧੀਨ ਰਾਜਸੀ ਕੈਦੀ ਬਣਾਕੇ ਤਤਕਾਲ ਜਲਾਵਤਨੀ ਦਾ ਹੁਕਮ ਕਰ ਕੇ ਜਨਵਰੀ 1872 ਨੂੰ ਅਲਹਾਬਾਦ ਭੇਜ ਦਿੱਤਾ।[2] ਕੁਝ ਚਿਰ ਉਨ੍ਹਾਂ ਨੂੰ ਉਥੇ ਜੇਲ੍ਹ ਵਿਚ ਰੱਖ ਕੇ ਅਲਾਹਾਬਾਦ ਤੋਂ ਰੰਗੂਨ ਭੇਜ ਦਿੱਤਾ।

ਬਾਬਾ ਰਾਮ ਸਿੰਘ ਦੀ ਜਲਾਵਤਨੀ ਦੇ ਵਿਯੋਗ ਵਿਚ ਨਾਮਧਾਰੀ ਸ਼ਰਧਾਲੂਆਂ ਵੱਲੋਂ ਲਿਖੇ ਗਏ ਕਾਵਿ ਵਿਚ ਬਾਰਾਂਮਾਹ ਲਿਖਣ ਵਾਲੇ ਪ੍ਰਮੁੱਖ ਕਵੀ ਭਾਈ ਨਿਹਾਲ ਸਿੰਘ ਹਨ। ਉਹ ਨਾਮਧਾਰੀ ਸੰਤ ਸਨ, ਜਿਨ੍ਹਾਂ ਕਬਿੱਤ ਛੰਦ ਵਿਚ ਬਾਰਾਮਾਂਹ ਦੀ ਰਚਨਾ ਕੀਤੀ। ਉਨ੍ਹਾਂ ਦੇ ਜੀਵਨ ਕਾਲ ਬਾਰੇ ਨਾਮਵਾਰ ਆਲੋਚਕ ਡਾ. ਸੁਖਦੇਵ ਸਿੰਘ ਸਿਰਸਾ ਦੱਸਦੇ ਹਨ ਕਿ, "ਇਸ (ਸੰਤ ਨਿਹਾਲ ਸਿੰਘ) ਦਾ ਸਮਾਂ ਚੰਦਾ ਸਿੰਘ ਝੱਬਰ ਤੋਂ ਰਤਾ ਬਾਅਦ ਦਾ ਹੈ। ਚੰਦਾ ਸਿੰਘ ਝੱਬਰ ਗੁਰੂ ਰਾਮ ਸਿੰਘ ਜੀ ਦਾ ਸਮਕਾਲੀ ਸੀ।"[3]

"ਨਿਹਾਲ ਸਿੰਘ ਦੇ ਬਾਰਾਂਮਾਹ ਵਿਚ ਨਾਮਧਾਰੀ ਜੀਵਨ ਜਾਚ, ਸਤਿਗੁਰੂ ਰਾਮ ਸਿੰਘ ਦੇ ਵਧ ਰਹੇ ਪ੍ਰਭਾਵ, ਨਾਮਧਾਰੀਆਂ ਵੱਲੋਂ ਸਨਾਤਨੀ ਰੀਤਾਂ ਦਾ ਤਿਆਗ, ਕੌਮੀ ਆਜ਼ਾਦੀ ਦੀ ਤਾਂਘ, ਨਾਮਧਾਰੀਆਂ ਦੀ ਜੁਝਾਰੂ ਬਿਰਤੀ ਅਤੇ ਫਰੰਗੀ ਸਰਕਾਰ ਨਾਲ ਜੂਝਣ ਦੀ ਤਾਂਘ ਦਾ ਕਲਾਤਮਿਕ ਵਰਨਣ ਹੈ। ਭਾਵੇਂ ਇਸ ਰਚਨਾ ਵਿਚ ਸਤਿਗੁਰੂ ਰਾਮ ਸਿੰਘ ਜੀ ਦੇ ਨਾਮਧਾਰੀ ਪੰਥ ਤੋਂ ਵਿਛੋੜੇ ਦਾ ਵਰਨਣ ਭਾਰੂ ਹੈ, ਪਰ ਇਸ ਵਿਚ ਨਾਮਧਾਰੀ ਲਹਿਰ ਦੇ ਧਰਮ-ਸੁਧਾਰ ਅਭਿਆਨ ਅਤੇ ਰਾਜਸੀ ਸਰਗਰਮੀ ਦਾ ਵੀ ਭਰਪੂਰ ਬਿਆਨ ਹੈ।"[4] ਡਾ. ਹਰਿਭਜਨ ਸਿੰਘ ਦੇ ਸ਼ਬਦਾਂ ਵਿਚ "ਇਹ ਰਚਨਾ ਜਨ-

ਸਾਧਾਰਨ ਦੇ ਬਹੁਤ ਨੇੜੇ ਹੈ। ਕਲਪਨਾ ਦੀ ਉਚ ਉਡਾਰੀ ਜਾਂ ਭਾਸ਼ਿਕ ਸ਼ਿਲਪ ਦੇ ਜਟਿਲ ਪ੍ਰਗਟਾਵੇ ਵਿਚ ਕਵੀ ਦੀ ਕੋਈ ਰੁਚੀ ਨਹੀਂ। ਸਵਛ ਸ਼ਰਧਾ ਦੀ ਸਰਲਤਾ ਇਸ ਰਚਨਾ ਦੇ ਆਰ-ਪਾਰ ਫੈਲੀ ਹੋਈ ਹੈ। ਇਸ ਰਚਨਾ ਦਾ ਸੁਭਾਅ ਤਤਕਾਲੀਨ ਸਾਦਾ ਨਾਮਧਾਰੀ ਜੀਵਨ-ਜਾਂਚ ਦੇ ਹੀ ਅਨੁਕੂਲ ਹੈ। ਨਾਮ, ਇਸ਼ਨਾਨ, ਸਾਦਾ ਵੇਸ, ਕੀਰਤਨ, ਮਾਸ-ਸ਼ਰਾਬ ਪ੍ਰਤੀ ਅਰੁਚੀ, ਗੁਰੂ ਪ੍ਰਤੀ ਸਮਰਪਨ-ਭਾਵਨਾ, ਨਿੰਦਕਾਂ ਪ੍ਰਤੀ ਰੋਸ, ਅੰਗਰੇਜ਼ੀ ਰਾਜ ਕਾਲ ਵਿਚ ਵਾਪਰੇ ਬਾਬਾ ਰਾਮ ਸਿੰਘ ਦੇ ਦੇਸ਼-ਨਿਕਾਲੇ ਆਦਿ ਦਾ ਸੰਖੇਪ ਵਰਨਣ ਇਸ ਰਚਨਾ ਵਿਚ ਅਲੰਕਾਰਾਂ ਦੀ ਵਰਤੋਂ ਤੋਂ ਬਗੈਰ ਹੋਇਆ ਹੈ।"[5] ਸੁਵਰਨ ਸਿੰਘ ਵਿਰਕ ਸੰਤ ਨਿਹਾਲ ਸਿੰਘ ਬਾਰੇ ਦੱਸਦੇ ਹਨ:

"ਰਚਨਾ (ਬਾਰਾਂਮਾਹ) ਦਾ ਪਾਠ ਕਰਨ ਤੋਂ ਇਹ ਸਪਸ਼ਟ ਹੁੰਦਾ ਹੈ ਕਿ ਇਸ ਦਾ ਕਰਤਾ (ਸੰਤ ਨਿਹਾਲ ਸਿੰਘ) ਕੇਂਦਰੀ ਪੰਜਾਬ, ਅੰਮ੍ਰਿਤਸਰ, ਲਾਹੌਰ, ਗੁਰਦਾਸਪੁਰ, ਗੁਜਰਾਂਵਾਲਾ ਆਦਿ ਵਿਚੋਂ ਕਿਸੇ ਇਕ ਜ਼ਿਲ੍ਹੇ ਨਾਲ ਸਬੰਧਿਤ ਹੋ ਸਕਦਾ ਹੈ ਕਿਉਂਕਿ ਰਚਨਾ ਦੀ ਭਾਸ਼ਾ ਕੇਂਦਰੀ ਪੰਜਾਬੀ ਹੈ। ਉਹ ਪੰਜਾਬੀ ਦਾ ਚੰਗਾ ਗਿਆਤਾ ਤਾਂ ਹੈ ਹੀ, ਉਸ ਦਾ ਸਿੱਖ ਧਰਮ ਗ੍ਰੰਥਾਂ ਦਾ ਵੀ ਵਾਹਵਾ ਮੁਤਾਲਿਆ ਮਾਲੂਮ ਹੁੰਦਾ ਹੈ। ਉਸਦੀ ਰਚਨਾ ਤੇ ਗੁਰਬਾਣੀ ਅਤੇ ਭਾਈ ਗੁਰਦਾਸ ਦਾ ਪ੍ਰਭਾਵ ਪ੍ਰਤੱਖ ਹੈ ... ਸੂਖਮ ਜਿਹਾ ਸੰਕੇਤ ਇਹ ਵੀ ਮਿਲਦਾ ਹੈ ਕਿ ਸ਼ਾਇਦ ਨਿਹਾਲ ਸਿੰਘ ਹੋਰੀਂ, ਕਿਸੇ ਗੁਰਦੁਆਰੇ ਵਿਚ, ਗ੍ਰੰਥੀ ਦੀ ਸੇਵਾ ਨਿਭਾਉਂਦੇ ਰਹੇ ਹੋਣ। ਘਰ ਪਰਿਵਾਰ ਨਾ ਵਸਾਇਆ ਹੋਵੇ ਅਤੇ ਸੰਗਤਾਂ ਵਿਚ ਵਿਚਰਦੇ ਰਹਿੰਦੇ ਹੋਣ।"[6]

ਸੰਤ ਨਿਹਾਲ ਸਿੰਘ ਆਪਣੇ ਬਾਰਾਂਮਾਹ ਨੂੰ ਦੇਸੀ ਮਹੀਨੇ ਚੇਤਰ ਨਾਲ ਆਰੰਭ ਕਰਕੇ ਇਸਦੇ ਪਹਿਲੇ ਕਬਿੱਤ ਵਿਚ ਨਾਮਧਾਰੀ ਜੀਵਨ ਜਾਂਚ ਦੇ ਮੁੱਢਲੇ ਸੂਤਰਾਂ ਅਤੇ ਨਾਮਧਾਰੀ ਸੰਪਰਦਾਇ ਦੇ ਸਰਧਾਲੂਆਂ ਦੀ ਆਮ ਲੋਕਾਂ ਨਾਲੋਂ ਵਿਲੱਖਣਤਾ ਦਾ ਉੱਤਮ ਪ੍ਰਗਟਾਵਾ ਕਰਦੇ ਲਿਖਦੇ ਹਨ:

ਚੇਤ੍ਰ ਚਾਲ ਹੈ ਨਿਆਰੀ ਇਕ ਪੰਥ ਨਾਮਧਾਰੀ,
ਸਿੰਘ ਹੋਇ ਬੇਸ਼ੁਮਾਰੀ ਫਤੇ ਸਭ ਕੋ ਬੁਲਾਂਵਦੇ।
ਕੰਘਾ ਕੇਸ ਤੇ ਕ੍ਰਿਪਾਨ ਕੱਛ ਕੜਾ ਇਹ ਪਛਾਨ,
ਇਹੋ ਸਿੰਘਾਂ ਦੇ ਨਿਸ਼ਾਨ ਜੋ ਪਹਿਰਾਵਾ ਅੰਗ ਲਾਂਵਦੇ।
ਬੈਠ ਲਾਂਵਦੇ ਦੀਵਾਨ ਸਾਰਾ ਵੇਖਦਾ ਜਹਾਨ,
ਇਕ ਹੋਣ ਮਸਤਾਨੇ ਛੈਣੇ ਢੋਲਕੀ ਵਜਾਂਵਦੇ।
ਨਿਹਾਲ ਸਿੰਘ ਸਾਧ ਸੰਤ ਬੈਠ ਪੜ੍ਹਦੇ ਨੇ ਗ੍ਰੰਥ,
ਇਕ ਉਠ ਪਰਭਾਤੇ ਵਾਰ ਆਸਾ ਦੀ ਲਗਾਂਵਦੇ।[7]

ਬਾਰਾਂਮਾਹ ਦੇ ਚੇਤਰ ਮਹੀਨੇ ਦੀਆਂ ਉਪਰੋਕਤ ਸਤਰਾਂ ਇਹ ਵੀ ਸਪਸ਼ਟ ਸੰਕੇਤ ਕਰਦੀਆਂ ਹਨ ਕਿ "ਸਿੱਖ ਤਖਤਾਂ ਦੇ ਅੰਗਰੇਜ਼ ਸਰਕਾਰ-ਪ੍ਰਸਤ ਪੁਜਾਰੀਆਂ ਦੀਆਂ ਅੱਖਾਂ ਵਿਚ ਵੀ ਅਤੇ ਸਰਕਾਰ ਅੰਗਰੇਜ਼ੀ ਦੀਆਂ ਅੱਖਾਂ ਵਿਚ ਵੀ ਇਹੋ ਮਸਤਾਨੇ ਸਭ ਤੋਂ ਵੱਧ ਰੜਕਦੇ ਸਨ। ਇਸ ਲਈ ਸਰਕਾਰ ਨੇ ਉਹਨਾਂ ਨੂੰ ਤੋਪਾਂ ਨਾਲ ਉਡਾਕੇ, ਘਰ ਘਾਟ ਜ਼ਬਤ ਕਰਕੇ, ਕਾਲੇ ਪਾਣੀ ਭੇਜ ਕੇ ਆਪਣਾ ਕਲੇਜਾ ਠੰਢਾ ਕੀਤਾ ਅਤੇ ਪੁਜਾਰੀਆਂ ਨੇ ਉਹਨਾਂ ਨੂੰ ਅਸਿੱਖ ਹੋਣ ਦਾ ਫ਼ਤਵਾ ਦਿੱਤਾ। ਨਾਮਧਾਰੀ ਸਿੰਘਾਂ ਦੇ ਢੋਲਕ ਛੈਨਿਆਂ ਨਾਲ, ਹੱਲੇ ਦੇ ਦੀਵਾਨ ਵੀ ਸਰਕਾਰ ਨੂੰ ਪਰੇਸ਼ਾਨ ਕਰਦੇ ਰਹੇ।"[8]

ਬਾਰਾਂਮਾਹ ਵਿਚ ਭਾਦਰੋਂ ਦੇ ਦੇਸੀ ਮਹੀਨੇ ਦਾ ਬਿਆਨ ਕਰਦਿਆਂ ਕਵੀ ਸੰਤ ਨਿਹਾਲ ਸਿੰਘ ਨੇ ਨਾਮਧਾਰੀ ਸੰਪਰਦਾਇ ਦੇ ਸਤਿਗੁਰੂ ਰਾਮ ਸਿੰਘ ਵੱਲੋਂ ਮਰਦਾਂ ਦੇ ਬਰਾਬਰ ਹੀ ਔਰਤਾਂ ਨੂੰ ਨਾਮਧਾਰੀ ਅੰਦੋਲਨ ਵਿਚ ਸ਼ਾਮਿਲ ਕਰਨ, ਮੀਢੀਆਂ-ਪਰਾਂਦੇ ਖੋਲਕੇ ਰੋਜ਼ਾਨਾ ਕੇਸੀ ਇਸ਼ਨਾਨ ਕਰਨ ਸਮੇਤ ਨਾਮਧਾਰੀ ਰਹਿਤ ਮਰਿਆਦਾ ਵਿਚ ਸ਼ਾਮਿਲ ਕਰਨ ਅਤੇ ਦੇਸ਼ ਦੇ ਸੁਤੰਤਰਤਾ ਅੰਦੋਲਨ ਵਿਚ ਮਰਦਾਂ ਦੇ ਬਰਾਬਰ ਦੀ ਸ਼ਮੂਲੀਅਤ ਦੇ ਸੰਕੇਤ ਕੀਤੇ ਹਨ:

ਚੜ੍ਹੇ ਭਾਦਰੋਂ ਮਹੀਨੇ, ਲੱਗਾ ਗਿਆਨ ਵਿਚ ਸੀਨੇ,
ਸਿੰਘ ਜਪਦੇ ਨੇ ਨਾਮ, ਖੁਲ੍ਹੇ ਗਲ ਵਿਚ ਕੇਸ ਜੀ।
ਸਿੰਘ ਹੋਏ ਨੇ ਬੈਰਾਗੀ, ਸ਼ਬਦ ਪੜ੍ਹਦੇ ਨੇ ਰਾਗੀ,
ਬੋਲ ਬੋਲਦੇ ਸ਼ਤਾਬੀ, ਨਾਮ ਜਪਦੇ ਹਮੇਸ਼ ਜੀ।
ਇਨ੍ਹਾਂ ਬੀਬੀਆਂ ਤੇ ਮਾਈਆਂ ਤੇੜ ਕੱਛਾਂ ਹੈਨ ਪਾਈਆਂ,
ਸਿਰੋਂ ਖੋਲ੍ਹਕੇ ਪਰਾਂਦੇ, ਹੋ ਵੈਰਾਗਣਾਂ ਦੇ ਵੇਸ ਜੀ।
ਨਿਹਾਲ ਸਿੰਘ ਜਪ ਨਾਮ, ਮੁਖੋਂ ਬੋਲ ਰਾਮ ਰਾਮ,
ਗੁਰੂ ਰੱਖੇ ਤੇਰੀ ਹਾਮ, ਦੂਰ ਹੋਣਗੇ ਕਲੇਸ਼ ਜੀ।[9]

"ਇਸ ਬਾਰਾਂਮਾਹ ਦੀ ਸੁਰ ਭਾਵੇਂ ਭਾਈ ਚੰਦਾ ਸਿੰਘ ਵਾਲੇ ਬਾਰਾਂਮਾਹ ਦੇ ਮੁਕਾਬਲੇ ਵਿਚ ਰਾਜਨੀਤਿਕ ਆਸ਼ਿਆਂ ਬਾਰੇ ਧੀਮੀ ਹੈ, ਪਰ ਸੰਕੇਤਾਂ ਵਿਚ ਕੂਕਿਆਂ ਜਾਂ ਨਾਮਧਾਰੀਆਂ ਵੱਲੋਂ ਖਾਲਸਾ ਪੰਥ ਦੀ ਪੁਨਰ ਸਥਾਪਨਾ ਦੇ ਉਪਰਾਲਿਆਂ ਦਾ ਜ਼ਿਕਰ ਜ਼ਰੂਰ ਮਿਲਦਾ ਹੈ। ਨਾਮਧਾਰੀਆਂ ਦੇ ਰੋਜ਼ਾਨਾ ਜੀਵਨ ਵਿਚ, ਉਹਨਾਂ ਦੇ ਸਮਾਜਿਕ, ਧਾਰਮਿਕ ਕਰਤੱਵਾਂ ਤੋਂ ਇਲਾਵਾ, ਜੰਗੀ ਲਾਟ (ਅੰਗਰੇਜ਼ ਸੈਨਾ ਦੇ ਸੈਨਾਪਤੀ) ਦਾ ਉਹਨਾਂ ਤੋਂ ਭੈਅ ਖਾਣਾ, ਨਿਰੋਲ ਸਿਆਸੀ ਅਕਾਂਖਿਆ ਕਰਕੇ ਹੀ ਹੈ।"[10]

ਕੱਤਕ ਮਹੀਨੇ ਵਿਚਲੀ ਅਵਸਥਾ ਦਾ ਵਰਨਣ ਕਰਦੇ ਸੰਤ ਨਿਹਾਲ ਸਿੰਘ ਲਿਖਦੇ ਹਨ:

ਕੱਤੇ ਅਕਾਲ ਕਾਲ ਕਰਦੇ, ਹੱਥੀਂ ਸਲੋਤਰ ਫੜਦੇ,
ਮਰਨੋ ਮਾਰਨੋ ਨਾ ਡਰਦੇ, ਖੌਫ ਕਰਦੀ ਲੁਕਾਈ ਹੈ।

ਸਿੰਘ ਰੰਗੀਲੇ ਨਹੀਂ ਛਪਦੇ ਛਪਾਏ,
ਗੁਰੂ ਨਾਮ ਨੂੰ ਜਪਾਏ, ਕੈਸੀ ਰਚਨਾ ਰਚਾਈ ਹੈ।
ਢੱਠੇ ਦੇਵੀ ਦੇ ਦਵਾਰੇ, ਵਡੇ ਵਡੇ ਥਾਨ ਭਾਰੇ,
ਢਾਹੀਆਂ ਕਬਰਾਂ ਮਸੀਤਾਂ, ਦੁੰਦ ਖਾਲਸੇ ਮਚਾਈ ਹੈ।
ਨਿਹਾਲ ਸਿੰਘ ਜੋ ਫਰੰਗੀ, ਖ਼ੌਫ਼ ਖਾਏ ਲਾਟ ਜੰਗੀ,
ਆਏ ਬਾਰ੍ਹਵੇਂ ਅਵਤਾਰ, ਫਿਰੇ ਅਕਾਲ ਦੀ ਦੁਹਾਈ ਹੈ।[11]

ਪੋਹ ਮਹੀਨੇ ਵਿਚ ਕਵੀ ਸੰਤ ਨਿਹਾਲ ਸਿੰਘ ਮਾਲੇਰਕੋਟਲਾ, ਰਾਏਕੋਟ, ਅੰਮ੍ਰਿਤਸਰ ਦੇ ਬੁੱਚੜ ਮਾਰਨ ਦੀਆਂ ਘਟਨਾਵਾਂ ਨੂੰ ਪਿੱਠ-ਭੂਮੀ ਵਿਚ ਰੱਖਕੇ, ਸਤਿਗੁਰੂ ਰਾਮ ਸਿੰਘ ਦੀ ਜਲਾਵਤਨੀ ਦੀ ਕਸਕ, ਨਾਮਧਾਰੀਆਂ ਉਪਰ ਅੰਗਰੇਜ਼ੀ ਸਰਕਾਰ ਵੱਲੋਂ ਕੀਤੀਆਂ ਬੇ-ਅਥਾਹ ਸਖਤੀਆਂ ਤੇ ਪਾਬੰਦੀਆਂ, ਉਨ੍ਹਾਂ ਦੀਆਂ ਦਰਜ਼ ਹੁੰਦੀਆਂ ਦੈਨਿਕ ਗਤੀਵਿਧੀਆਂ, ਸੂਹੀਆਂ ਵੱਲੋਂ ਦਿੱਤੀਆਂ ਜਾਂਦੀਆਂ ਖੁਫੀਆ ਰਿਪੋਰਟਾਂ ਸਮੇਤ ਪਿੰਡ-ਪਿੰਡ ਵਿਚ ਨਾਮਧਾਰੀਆਂ ਤੇ ਨਜ਼ਰ ਰੱਖਣ ਲਈ ਬੈਠਾਏ ਗਏ ਸਿਪਾਹੀਆਂ ਦਾ ਜ਼ਿਕਰ ਕਰਦੇ ਹਨ।

ਪੋਹ ਪਾਪੀ ਤੇ ਪਰਾਧੀ, ਵਡੇ ਚੁਗਲ ਫਸਾਦੀ,
ਜਾ ਕੇ ਆਖਦੇ ਤਸੀਲੇ, ਕਰੋ ਸਿੰਘਾਂ ਦਾ ਇਲਾਜ ਜੀ।
ਕਰਨ ਸ਼ੋਰ ਤੇ ਸ਼ਰਾਬਾ, ਸਾਨੂੰ ਖ਼ੌਫ਼ ਬੜਾ ਡਾਢਾ,
ਐਸੀ ਕਰੋ ਤਦਬੀਰ ਮਤ ਹੋਵੇ ਨਾ ਫਸਾਦ ਜੀ।
ਬਾਤ ਸੁਣੀ ਅੰਗਰੇਜ਼, ਬੈਠ ਕਰਦੇ ਵਿਚਾਰ,
ਐਸੀ ਹੋਵੇ ਨਾ ਕੋਈ ਕਾਰ, ਦੂਰ ਕਰਨ ਸਾਡਾ ਰਾਜ ਜੀ।
ਪਿੰਡ ਪਿੰਡ ਤਕੜਾਈ, ਬੈਠ ਗਏ ਨੇ ਸਿਪਾਹੀ,
ਨਿਹਾਲ ਸਿੰਘ ਲਿਖਣ ਨਾਮ, ਲੌਣ ਹਾਜ਼ਰੀ ਹਿਸਾਬ ਜੀ।[12]

ਭਾਰਤ ਦੀ ਹੁਕਮਰਾਨ ਬਸਤੀਵਾਦੀ ਸਰਕਾਰ ਵੱਲੋਂ ਆਪਣਾ ਸਿੰਘਾਸਨ ਖੁਸਦਾ ਵੇਖ ਨਾਮਧਾਰੀ ਪੰਥ ਨੂੰ ਦਬਾਉਣ ਲਈ ਚੱਲੀਆਂ ਕੋਝੀਆਂ ਚਾਲਾਂ ਅਤੇ ਨਾਮਧਾਰੀ ਸਤਿਗੁਰੂ ਰਾਮ ਸਿੰਘ ਨੂੰ ਜਲਾਵਤਨ ਕਰ ਦੇਣ ਅਤੇ ਵਿਛੋੜੇ ਦੀ ਅਵਸਥਾ ਸੰਤ ਨਿਹਾਲ ਸਿੰਘ ਨੂੰ ਜਿਗਰ ਦੇ ਫੋੜੇ ਸਮਾਨ ਪ੍ਰਤੀਤ ਹੁੰਦੀ ਹੈ। ਫੱਗਣ ਮਹੀਨੇ ਵਿਚ ਇਸ ਅਵਸਥਾ ਦਾ ਬਾਖੂਬੀ ਵਰਨਣ ਹੈ:

ਫੱਗਣ ਫੇਰ ਕਦੀ ਆਵੀਂ ਮੁਖ ਆਪਣਾ ਦਿਖਾਵੀਂ,
ਰਤਾ ਚੈਨ ਨਹੀਂ ਆਵੇ ਤੇਰੀ ਸੰਗਤ ਕੁਰਲਾਂਵਦੀ।
ਬੁਰਾ ਗੁਰਾਂ ਦਾ ਵਿਛੋੜਾ, ਜੈਸੇ ਜਿਗਰ ਵਿਚ ਫੋੜਾ,
ਦਿਨ ਰਾਤ ਇਹੋ ਝੋਰਾ, ਕੋਈ ਗਲ ਨਹੀਂ ਭਾਂਵਦੀ।
ਹੋਈ ਹਾਲ ਤੋਂ ਬੇਹਾਲ, ਖੁਲ੍ਹੇ ਗਲ ਵਿਚ ਵਾਲ,
ਫਿਰ ਥੱਕੀ ਢੂੰਡ ਭਾਲ, ਨੈਣੀਂ ਨੀਂਦ ਨਹੀਂ ਆਵਦੀ।
ਨਿਹਾਲ ਸਿੰਘ ਔਗੁਣਹਾਰ, ਆਇਆ ਤੇਰੇ ਦਰਬਾਰ,
ਗੁਰੁ ਭੁਲ ਚੁਕ ਬਖਸ਼, ਸੰਗਤ ਸੀਸ ਹੈ ਨਿਵਾਂਵਦੀ।[13]

ਇਸ ਪ੍ਰਕਾਰ ਸੰਤ ਨਿਹਾਲ ਸਿੰਘ ਆਪਣੇ ਬਾਰਾਮਾਂਹ ਵਿਚ ਨਾਮਧਾਰੀਆਂ ਦੇ ਸਿਆਸੀ ਮਨੋਰਥ ਤੇ ਰਾਜਸੀ ਪੱਖ ਤੋਂ ਚੇਤਨਾ ਨੂੰ ਸਫਲਤਾ ਸਹਿਤ ਪੇਸ਼ ਕਰਦਾ ਹੈ। ਅਜਿਹੇ ਸਮੇਂ ਜਦੋਂ ਹਿੰਦੋਸਤਾਨ ਵਿਚ ਬਸਤੀਵਾਦੀ ਸਰਕਾਰ ਦੇ ਪਿੱਠੂ ਬਣੇ ਲੋਕ ਅੰਗਰੇਜ਼ੀ ਸਰਕਾਰ ਦੀਆਂ ਸਿਫਤਾਂ ਦੇ ਪੁਲ ਬੰਨਦੇ ਨਹੀਂ ਸਨ ਥੱਕਦੇ ਅਤੇ ਬਸਤੀਕਾਰਾਂ ਦੇ ਰਾਜ ਬਾਬਤ ਰੋਜ਼ਾਨਾ ਪ੍ਰਫੁਲਿਤ ਹੋਣ ਦੀਆਂ ਅਰਦਾਸਾਂ ਕਰਦੇ ਸਨ, ਉਸ ਵੇਲੇ ਸੰਤ ਨਿਹਾਲ ਸਿੰਘ ਵੱਲੋਂ ਆਪਣੇ ਬਾਰਾਂਮਾਹ ਵਿਚ ਬਰਤਾਨਵੀ ਬਸਤੀਵਾਦੀ ਹਕੂਮਤ ਦੇ ਜ਼ਬਰ ਖਿਲਾਫ ਸਿੱਧੇ ਸੰਕੇਤ ਕਰਨਾ ਇਸ ਬਾਰਾਂਮਾਹ ਦੀ ਰਾਜਸੀ ਪੱਖ ਤੋਂ ਮਹੱਤਤਾ ਨੂੰ ਸਪਸ਼ਟ ਕਰਦਾ ਹੈ। ਇਸ ਪ੍ਰਕਾਰ ਨਾਮਧਾਰੀਆਂ ਦੇ ਸਿਆਸੀ ਮਨੋਰਥ ਨੂੰ ਬਲ ਦੇਣ ਵਾਲੀ ਇਹ ਰਚਨਾ ਇਤਿਹਾਸਕ ਮਹੱਤਵ ਦੀ ਧਾਰਨੀ ਹੈ।

## ਹਵਾਲੇ ਤੇ ਟਿੱਪਣੀਆਂ


1. ਡਾ. ਸੁਖਦੇਵ ਸਿੰਘ, "ਨਾਮਧਾਰੀ ਸਾਹਿਤ ਚਿੰਤਨ ਦੀ ਪ੍ਰਮਾਣਿਕ ਦਸਤਾਵੇਜ਼", ਕੂਕਾ ਲਹਿਰ ਦਾ ਪੰਜਾਬੀ ਸਾਹਿਤ (ਲੇਖਕ-ਸੁਵਰਨ ਸਿੰਘ ਵਿਰਕ) ਪੰਨਾ 20
2. ਗੰਡਾ ਸਿੰਘ, ਕੂਕਿਆਂ ਦੀ ਵਿਥਿਆ, ਪੰਨਾ 185
3. ਡਾ. ਸੁਖਦੇਵ ਸਿੰਘ, "ਨਾਮਧਾਰੀ ਪੰਜਾਬੀ ਸਾਹਿਤ ਦੇ ਪ੍ਰਮਾਣਿਕ ਹਸਤਾਖਰ" ਕੂਕਾ ਅੰਦੋਲਨ ਸਮਾਜ-ਸਭਿਆਚਾਰਕ ਪਰਿਪੇਖ, (ਸੰਪਾ. ਜਸਪਾਲ ਕੌਰ ਕਾਂਗ, ਸੁਖਦੇਵ ਸਿੰਘ) ਪੰਨੇ 104-105
4. ਉਹੀ, ਪੰਨਾ 105
5. ਡਾ. ਹਰਿਭਜਨ ਸਿੰਘ (ਸੰਪਾ.), "ਸੰਤ ਨਿਹਾਲ ਸਿੰਘ ਬਾਰਾਮਾਂਹ", ਉਨੀਵੀਂ ਸਦੀ ਦਾ ਚੋਣਵਾ ਪੰਜਾਬੀ ਸਾਹਿਤ, ਪੰਨਾ 537
6. ਸੁਵਰਨ ਸਿੰਘ ਵਿਰਕ, ਕੂਕਾ ਲਹਿਰ ਦਾ ਪੰਜਾਬੀ ਸਾਹਿਤ, ਪੰਨਾ 125
7. ਤਾਰਾ ਸਿੰਘ ਅਣਜਾਨ (ਸੰਪਾ.) ਰਾਮ ਵਿਯੋਗੀਆਂ ਦੇ ਬਾਰਾਂਮਾਹ, ਪੰਨਾ 49
8. ਸੁਵਰਨ ਸਿੰਘ ਵਿਰਕ, ਉਹੀ, ਪੰਨਾ 126
9. ਤਾਰਾ ਸਿੰਘ ਅਣਜਾਨ (ਸੰਪਾ.), ਉਹੀ, ਪੰਨੇ 51-52
10. ਸੁਵਰਨ ਸਿੰਘ ਵਿਰਕ, ਉਹੀ, ਪੰਨਾ 127
11. ਤਾਰਾ ਸਿੰਘ ਅਣਜਾਨ (ਸੰਪਾ.), ਉਹੀ, ਪੰਨੇ 52-53
12. ਉਹੀ, ਪੰਨੇ 53-54
13. ਉਹੀ, ਪੰਨੇ 54-55

# ਬੀਤੇ ਦੀਆਂ ਪੈੜਾਂ



**(ਅਣਛਪਿਆ-ਭਾਗ)**

**(ਪਿਛਲੇ ਅੰਕ ਤੋਂ ਅੱਗੇ)**

**ਪ੍ਰੀਤਮ ਸਿੰਘ ਕਵੀ**

ਜਿਵੇਂ ਸੋਹਣ ਲਾਲ ਜੀ ਨੇ ਵਾਜੇ ਦੀ ਪੂਰੀ ਆਵਾਜ਼ ਨਹੀਂ ਸੀ ਨਿਕਲਣ ਦਿੱਤੀ ਇੰਝ ਹੀ ਕਲਾਕਾਰ ਬੰਦ-ਬੰਦ ਆਵਾਜ਼ ਵਿਚ ਸੁਰਾਂ ਤਾਨਾਂ ਜ਼ਮਜ਼ਮਿਆਂ ਦੇ ਐਸੇ ਚੱਕਰ ਬਣਾਣ ਲੱਗਾ ਕਿ ਆਵਾਜ਼ ਤੇ ਪੇਟੀ ਦੋਵੇਂ ਰਲ ਮਿਲ ਗਏ ਲੱਗੇ, ਤਬਲੇ ਤੇ ਸੰਗਤ ਇਸਨੂੰ ਸ੍ਰੀ ਪਵਨ ਕੁਮਾਰ ਨੇ ਦਿੱਤੀ। ਇਹ ਗਾਉਂਦਾ-ਗਾਉਂਦਾ ਖਾਸ ਸੁਰ-ਤਾਨਾਂ ਨੂੰ ਸਰੋਤਿਆਂ ਨਾਲ ਸਾਂਝਾ ਕਰਨ ਲਈ ਮੁਸਕਰਾ ਕੇ ਕਦੇ ਖੱਬੇ ਮੂੰਹ ਨੂੰ ਚੁੱਕਦਾ ਕਦੇ ਸੱਜੇ। ਚੌੜੀਆਂ ਵਰਾਛਾਂ, ਚਮਕਦੇ ਦੰਦ, ਚਿਹਰੇ ਤੇ ਮਿਲੀ ਮੁਸਕਾਨ ਸੁਰਾਂ ਦੇ ਵਿਨਿਆਸ ਤੇ ਸਮ ਅਸਮ ਦਰਸਾਂਦੇ ਇਕ ਦ੍ਰਿਸ਼ ਸ੍ਰੋਤ ਅਨੰਦ ਸਿਰਜਦੇ। ਪੰਦਰਾਂ ਮਿੰਟ ਪਹਾੜੀ ਸੁਣਾ ਪੰਦਰਾਂ ਮਿੰਟ ਉਸਨੇ ਬਾਬਾ ਫਰੀਦ ਦੀਆਂ ਕਾਫ਼ੀਆਂ ਸੁਣਾਈਆਂ ਅਤੇ ਸਾਰੀ ਸਭਾ ਸੰਗੀਤ ਨਹਾਤੀ ਸਰਸ਼ਾਹ ਹੋਈ। 9:30 ਵਜੇ ਸਮਾਪਤ ਹੋ ਗਈ।

ਸਾਨੂੰ ਕਾਫ਼ੀ ਕਵੇਲ ਹੋ ਗਈ ਸੀ ਸੋ ਅਸੀਂ ਇਹ ਉਡੀਕੇ ਬਿਨਾਂ ਹੀ ਕਿ ਅੰਤ ਉਤੇ ਕਲਾਕਾਰ ਇਕ ਦੂਜੇ ਨੂੰ ਤੇ ਸਤਿਗੁਰਾਂ ਨੂੰ ਕੀ ਕੁਝ ਕਹਿੰਦੇ ਹਨ, ਉਠ ਆਏ। ਬੱਸਾਂ ਕੁਵੇਲੇ ਨੂੰ ਘੱਟ ਹੀ ਮਿਲਦੀਆਂ ਹਨ।

ਪਰ ਇਕ ਗੱਲ ਤੁਰਨ ਤੋਂ ਪਹਿਲਾਂ ਹੋ ਗਈ। ਪੂਰਬੇ ਨੇ ਮੈਨੂੰ ਆਖਿਆ ਕਿ ਮੈਂ ਗੁਰਦੇਵ ਪਤਨੀ ਗੁਰਮੀਤ ਕੌਰ ਨੂੰ ਉਸ ਕੋਲ ਭੇਜਦਿਆਂ, ਮੈਂ ਪੁਛਿਆ ਕੀ ਗੱਲ ਹੋ ਗਈ। ਉਸ ਦੱਸਿਆ ਕਿ ਉਸ ਲਈ 3500 ਦੇਣ ਦਾ ਹੁਕਮ ਹੋਇਆ ਹੈ। ਵਿਚਲੀ ਗੱਲ ਦਾ ਮੈਨੂੰ ਪਤਾ ਨਹੀਂ ਕਿ ਇਹ ਪੈਸਾ ਕਿਵੇਂ ਦਿੱਤਾ ਜਾ ਰਿਹਾ ਹੈ ਪਰ ਇਕ ਗੱਲ ਲੱਭਦੀ ਹੈ ਕਿ ਗੁਰਮੀਤ ਕੌਰ ਦੀ ਸਤਿਗੁਰੂ ਜੀ ਵੱਲ ਸਤਿਕਾਰ ਭਰੀ ਪਹੁੰਚ ਦੀ ਹੀ ਇਹ ਪ੍ਰਾਪਤੀ ਹੈ। ਜਿਵੇਂ ਉਸਨੇ ਆਪਣੇ ਸ੍ਰੀਮਾਨ ਨੂੰ ਕਿਹਾ ਸੀ ਕਿ ਜੇ ਵਲੈਤ ਜਾਣੋਂ ਤੁਸੀਂ ਨਹੀਂ ਹੀ ਰਹਿ ਸਕਦੇ ਤਾਂ ਸਤਿਗੁਰੂ ਜੀ ਦੀ ਸੇਵਾ ਵਿਚ ਜ਼ਰੂਰ ਹਾਜ਼ਰ ਹੋਇਓ। ਸਾਡਾ ਇਹਨਾਂ ਬਿਨਾਂ ਨਹੀਂ ਸਰਨਾ।

ਠੁਮਰੀ ਦੇ ਬੋਲ ਸਨ-

ਬਲਮਾ ਕਦਰ ਨਹੀਂ ਜਾਨੀ<br>
ਆਪਨੀ ਕਰਨ ਹੈ।<br>
ਪਿਆਰ ਕਰ ਤੂੰ ਬਿਨਤੀ ਕਰ ਕਹੂੰ<br>
ਫਿਰ ਭੀ ਨਹੀਂ ਮਾਨੀ.... ਆਪਨੀ ਕਰਤ ਹੈ।

ਹੁਸੈਨ ਬਖ਼ਸ਼ ਦਾ ਗਲਾ ਹੀ ਗਰਾਰੀਦਾਰ ਸੁਰਾਂ ਸਿਰਜਦਾ ਹੈ। ਉਸਦੇ ਬੁਲ੍ਹਾਂ ਜਾਂ ਚਿਹਰੇ ਤੇ ਤਾਨ ਦਾ ਰੱਤੀ ਭਰ ਪ੍ਰਭਾਵ ਨਹੀਂ ਪੈਂਦਾ ਪਰ ਸਾਰੀ ਠੁਮਰੀ ਉਸਨੇ ਬੰਦ ਸੁਰਾਂ ਨਾਲ ਹੀ ਗਾਈ।

ਕਲਾਕਾਰ ਦਾ ਸੁਰਾਂ ਤੇ ਕੰਟਰੋਲ, ਸੁਰਾਂ 'ਤੇ ਮੱਚਣਾ ਇਸ ਗੱਲ ਨੇ ਸਾਰੇ ਸ੍ਰੋਤਿਆਂ ਨੂੰ ਉਸਦੇ ਸੁਰ ਬਹਾਉ ਦੇ ਨਾਲ-ਨਾਲ ਬਹਾਈ ਰੱਖਿਆ। ਠੁਮਰੀ 9:15 ਤੇ ਖ਼ਤਮ ਹੋਈ ਹੀ ਸੀ ਕਿ ਉਸਤਾਦ ਹਰਭਜਨ ਸਿੰਘ ਨੇ ਫਰਮਾਇਸ਼ ਕੀਤੀ: ਕਾਫ਼ੀ! ਕਾਫ਼ੀ! ਅਤੇ ਹੁਸੈਨ ਬਖਸ਼ ਨੇ ਸਤਿਗੁਰੂ ਜੀ ਨੂੰ ਅਰਜ਼ ਕੀਤੀ ਬਾਬਾ ਫਰੀਦ ਦੀ ਕਾਫ਼ੀ ਹੈ ਜੀ: ਭੈਰਵੀ-

ਰੁਤਾਂ ਆਈਆਂ ਮੇਰਾ ਯਾਰ ਨਾ ਆਇਆ<br>
ਕਹੀ ਕੀਤੀਆ ਸੱਜਣਾ ਕੰਡ ਵੇ।<br>
ਮੇਰਾ ਤੋੜ ਦਿੱਤਾ ਬੰਦ ਬੰਦ ਵੇ।

ਦੁਖਾਂ ਦਰਦਾਂ ਹੋਕਿਆਂ ਵਾਲੀ
ਸਾਨੂੰ ਸਜਣਾ ਚਵਾਈ ਪੰਡ ਵੇ।
ਗੁਲਾਮ ਫਰੀਦ ਇਸ ਜੀਵਨ ਕੋਲੋਂ
ਅਸਾਂ ਕੀਤੀ ਮੌਤ ਪਸੰਦ ਵੇ।

**25 ਮਈ 1987, ਸੋਮਵਾਰ**
**ਨਵੀਂ ਦਿੱਲੀ ਅਤੇ ਕੇ.ਕੇ. ਐਕਸਪ੍ਰੈਸ**

ਮੈਂ ਪਰਸੋਂ ਸਕੱਤਰ ਪਾਸੋਂ ਪਤਾ ਕਰ ਲਿਆ ਸੀ ਕਿ ਸ੍ਰੀ ਸਤਿਗੁਰੂ ਜੀ ਨਾਲ ਬੈਂਗਲੌਰ ਜਾਣ ਵਾਲਿਆਂ ਵਿਚ ਮੇਰਾ ਵੀ ਨਾਮ ਹੈ ਮੇਰੀ ਸੁਪਤਨੀ ਨੂੰ ਲੂਹਰੀਆਂ ਉਠ ਰਹੀਆਂ ਸਨ ਕਿ ਉਹ ਨਾਲ ਨਹੀਂ ਜਾ ਸਕੀ ਨਹੀਂ ਤਾਂ ਕੁਛ ਦਿਨ ਉਹ ਵੀ ਨੇੜਿਓਂ ਦਰਸ਼ਨਾਂ ਦਾ ਆਨੰਦ ਲੈਂਦੀ। ਸਾਡੇ ਛੋਟੇ ਲੜਕੇ ਦੀ ਸ਼ਾਦੀ ਸੀ ਅਗਲੇਰੇ ਮਹੀਨੇ ਦੇ ਦੂਜੇ ਦਿਨ ਇਸ ਲਈ ਘਰ ਵਿਚ ਲੋੜੀਂਦੀ ਤਿਆਰੀ ਉਹਦੇ ਜ਼ਿੰਮੇ ਸੀ, ਦਿੱਲੀ ਵਿਚ ਰਹਿਣਾ ਉਹਦੀ ਮਜ਼ਬੂਰੀ ਸੀ।

9 ਵਜੇ ਮੈਂ ਕੁਛ ਜ਼ਰੂਰੀ ਚਿੱਠੀਆਂ ਲਿਖਣ ਲਈ ਡਾਕਖਾਨੇ ਵੱਲ ਤੁਰਿਆ ਤਾਂ ਸਾਡੇ ਘਰ ਦੇ ਨੇੜੇ ਪੈਣ ਵਾਲੇ ਹਲਵਾਈ ਪਾਸ ਦੋ ਚਿੱਠੀਆਂ ਦਾਹੜੀਆਂ ਵਾਲੇ ਨਾਮਧਾਰੀ ਸਾਈਕਲੋਂ ਉੱਤਰੇ। ਨਮਸਕਾਰ ਹੋਣੀ ਜਾਣ ਮੈਂ ਉਨ੍ਹਾਂ ਕੋਲ ਗਿਆ ਨਾਂਅ-ਥਾਂਅ ਪੁੱਛੇ। ਦੋਵੇਂ ਸਿੰਘ ਲਾਲ ਸਿੰਘ ਨਾਮ ਵਾਲੇ ਸਨ, ਵਿਸ਼ਨੂੰ ਗਾਰਡਨ ਰਹਿਣ ਵਾਲੇ, ਸੁਭਾਵਕ ਹੀ ਮੇਰੇ ਮੂੰਹੋਂ ਨਿਕਲ ਗਿਆ। ਲਾਲਾਂ ਦੀ ਜੋੜੀ, ਦੋਵੇਂ ਬੜੇ ਖੁਸ਼ ਹੋਏ ਤੇ ਉਨ੍ਹਾਂ ਕਿਹਾ: ਸਤਿਗੁਰੂ ਪ੍ਰਤਾਪ ਸਿੰਘ ਸੱਚੇ ਪਾਤਸ਼ਾਹ ਵੀ ਸਾਨੂੰ ਲਾਲਾਂ ਦੀ ਜੋੜੀ ਕਿਹਾ ਕਰਦੇ ਸਨ। ਉਹ ਬਹੁਤ ਪਿਆਰ ਕਰਦੇ ਹੁੰਦੇ ਸਨ। ਜਦੋਂ ਸਾਨੂੰ ਦੋਹਾਂ ਨੂੰ ਵੇਖ ਲੈਣਾ ਉਹਨਾਂ ਨੂੰ ਚਾਅ ਚੜ੍ਹ ਜਾਣੇ। ਇਕਵਾਰ ਅਸੀਂ ਛੇ ਲਾਲ ਸਿੰਘ ਕੱਠੇ ਹੋ ਗਏ। ਸਤਿਗੁਰਾਂ ਹੱਸਕੇ ਬਚਨ ਕੀਤਾ: ਛੇਵੇਂ ਹੀ ਲਾਲ ਨੇ ਨਾਮਧਾਰੀਆਂ ਦੇ ਪਰ ਇਹਨਾਂ ਸਤਿਗੁਰਾਂ ਤਾਂ ਕਦੇ ਸਾਡੇ ਨਾਲ ਅੱਖਾਂ ਵੀ ਨਹੀਂ ਮਿਲਾਈਆਂ। ਮੈਂ ਆਖਿਆ: ਤੁਸਾਂ ਕਦੇ ਉਚੇਚੇ ਮਿਲਕੇ ਆਪਣੀ ਲੋੜ ਦੱਸੀ ਵੀ ਹੈ? "ਨਹੀਂ ਜੀ, ਅਸੀਂ ਤਾਂ ਡਰਦੇ ਮਾਰੇ ਨੇੜੇ ਹੀ ਨਹੀਂ ਜਾਂਦੇ। ਵਿਹਾਰ ਕਾਰ ਹੀ ਦਮ ਨਹੀਂ ਲੈਣ ਦਿੰਦਾ।" ਅਤੇ ਮੈਂ ਹਸਦਿਆਂ ਉਨ੍ਹਾਂ ਨੂੰ ਬੇਈਮਾਨ ਤੱਕ ਕਹਿ ਦਿੱਤਾ, ਤੁਹਾਡੀ ਆਪ ਹੀ ਨੀਅਤ ਨਹੀਂ ਸਤਿਗੁਰਾਂ ਨਾਲ ਇਕਸੁਰ ਹੋਣ ਦੀ ਪਰ ਸਿੰਘ ਬੜੇ ਤਕੜੇ ਦਿਲ ਵਾਲੇ ਸਨ। ਉਹਨਾਂ ਮੇਰੀ ਗੱਲ ਦਾ ਗੁੱਸਾ ਨ ਕੀਤਾ ਹਲਕੇ ਮੂਡ ਵਿਚ ਹੀ ਲਿਆ, ਮੇਰਾ ਕਹਿਣਾ ਵੀ ਲਾਈਟ ਮੂਡ ਦਾ ਹੀ ਸੀ।

ਜਾਂ ਮੈਂ 8.40 ਮਿੰਟ ਬਾਅਦ ਡਾਕਖਾਨਿਓਂ ਖਾਲੀ ਚਿੱਠੀਆਂ ਲੈ ਕੇ ਪਰਤਿਆਂ ਤਾਂ ਸਿੰਘ ਹਲਵਾਈ ਨਾਲ ਕੱਲ ਮੁੜਕੇ ਜਾਣ ਨੂੰ ਸਾਈਕਲ ਫੜ ਖਲੋਤੇ ਸਨ ਕਿ ਮੈਂ ਜਾ ਪੁਛਿਆ: ਤੁਸਾਂ ਮੈਨੂੰ ਕਿਹਾ ਸੀ: ਅੱਜ ਸ਼ਾਮ ਨੂੰ ਵਿਸ਼ਨੂੰ ਗਾਰਡਨ ਆਓਗੇ? ਕੀ ਗੱਲ ਹੈ ਅੱਜ ਸ਼ਾਮ ਨੂੰ ਮੈਂ ਤਾਂ 12 ਵਜੇ ਬੈਂਗਲੋਰ ਲਈ ਕਰਨਾਟਕਾ ਐਕਸਲੈਨ ਫੜਨੀ ਹੈ।

ਸਿੰਘ ਇਕ ਦੁਖਾਂਤ ਤੋਂ ਪਰਦਾ ਸਰਕਾਇਆ: ਤੁਸੀਂ ਵਿਰਸਾ ਸਿੰਘ ਨੂੰ ਤਾਂ ਜਾਣਦੇ ਹੀ ਹੋ, ਵਿਸ਼ਨੂੰ ਗਾਰਡਨ ਵਾਲੇ ਨੂੰ। ਉਸਦੇ ਲੜਕੇ ਨੇ ਪਿਛਲੇ ਬੁੱਧਵਾਰ ਨੂੰ 20 ਮਈ ਵਾਲੇ ਦਿਨ ਫਾਹਾ ਲੈ ਕੇ ਆਤਮ ਹੱਤਿਆ ਕਰ ਲਈ ਹੈ। ਵਿਚਲੀ ਗੱਲ ਦਾ ਤਾਂ ਪਤਾ ਨਹੀਂ, ਪਰ ਉਸ ਭਲੇਮਾਣਸ ਦੀ ਅਗਲੇ ਮਹੀਨੇ ਸ਼ਾਦੀ ਹੋਣ ਵਾਲੀ ਸੀ। ਦੋਹਾਂ ਘਰਾਂ ਲਈ ਰੱਜ ਕੇ ਪਰੇਸ਼ਾਨੀ ਪੈਦਾ ਕਰ ਗਿਆ ਹੈ। ਅੱਜ ਉਸਦੇ ਨਮਿਤ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਉਹਨਾਂ ਦੇ ਘਰ ਵਿਚ ਸਮੁੱਚੀ ਸੰਗਤ ਦਾ ਨਿਤਨੇਮ ਹੋਣਾ ਹੈ ਅਤੇ ਭੋਗ ਪੈਣਾ ਹੈ ਗ੍ਰੰਥ ਸਾਹਿਬ ਦਾ। ਸੁਣ ਕੇ ਸਦਮਾ ਤਾਂ ਬਹੁਤ ਹੋਇਆ ਪਰ ਕੀਤਾ ਕੀ ਜਾ ਸਕਦਾ ਸੀ ਬਿਨਾਂ ਪਾਠ ਭੋਗ ਤੋਂ। ਅਤੇ ਸਿੰਘ ਸਾਈਕਲ ਸਵਾਰ ਹੋ ਹਰਨ ਹੋ ਗਏ। ਲਾਲ ਸਿੰਘਾਂ ਨੇ ਇਕ ਕਾਲੀ ਗੱਲ ਸੁਣਾ ਦਿੱਤੀ ਸੀ। ਇਕ ਨੌਜਵਾਨ ਕਿਸੇ ਗਲੋਂ ਜੀਵਨ ਦੀ ਬਾਜ਼ੀ ਹਾਰ ਗਿਆ।

11:30 ਜਦੋਂ ਨੂੰ ਮੈਂ ਨਵੀਂ ਦਿੱਲੀ ਸਟੇਸ਼ਨ ਤੇ ਪਹੁੰਚਿਆ ਪਰ ਜਾਣ ਵਾਲੇ ਹੋਰ ਵੀ 20 ਮਿੰਟ ਲੇਟ ਆਏ। ਕਿੰਨਾ ਸਾਰਾ ਸਾਮਾਨ ਤੇ 14 ਆਦਮੀ ਇਸਤਰੀਆਂ। ਸੰਤ ਅਮਰੀਕ ਸਿੰਘ ਪੱਦੀ ਖਾਲਸਾ, ਸਿੰਦਰ ਸਿੰਘ ਤੇ ਦਰਸ਼ਨ ਸਿੰਘ ਅੰਮ੍ਰਿਤਸਰੀਆ ਲੀਡਰ। ਹੌਲੀ-ਹੌਲੀ ਪਤਾ ਲੱਗਾ ਕਿ ਸਾਡੀਆਂ ਸੀਟਾਂ ਰੀਜ਼ਰਵ ਨਹੀਂ ਹੋ ਸਕੀਆਂ ਵੇਟਿੰਗ ਲਿਸਟ ਵਿਚ ਸਾਡਾ ਨਾਮ ਹੈ।

**ਚਲਦਾ...**

# ਅੱਖੀਂ ਡਿੱਠਾ ਕਿੱਸਾ ਕੀਤਾ

**(ਜਥੇਦਾਰ ਗੁਰਮੁਖ ਸਿੰਘ ਝੱਬਰ ਦੀਆਂ ਯਾਦਾਂ ਦੇ ਝਰੋਖੇ ਚੋਂ)**



**ਸੰਪਾਦਕ: ਸੁਵਰਨ ਸਿੰਘ ਵਿਰਕ**
**9996371716**

ਫਿਰ ਮੈਂ ਭੈਣੀ ਸਾਹਿਬ ਦਾ ਮੁਖ਼ਤਾਰ ਬਣਿਆਂ। ਸਾਢੇ ਅੱਠ ਸਾਲ ਪਹਿਲਾਂ ਸਾਢੇ ਅੱਠ ਸਾਲ ਪਿੱਛੋਂ, ਸਤਾਰਾਂ ਸਾਲ ਮੈਂ ਡੇਰੇ ਦਾ ਮੁਖ਼ਤਾਰ ਰਿਹਾਂ। ਮੇਰੀ ਪਹਿਲੀ ਮੁਖ਼ਤਾਰੀ ਤੋਂ ਪਿਛੋਂ ਭਗਤ ਸਿੰਘ (ਘੋੜਿਆਂ ਵਾਲਾ) ਮੁਖ਼ਤਾਰ ਹੋਇਆ, ਚੱਠਾ ਹਜ਼ਾਰਾ ਸਿੰਘ ਹੋਇਆ, ਕਈ ਹੋਏ। ਮੈਂ ਸਾਢੇ ਅੱਠ ਸਾਲ ਪਹਿਲੇ ਭੁਗਤਾ ਕੇ ਜਦੋਂ ਪਿੰਡ ਜਾ ਰਿਹਾ ਫਿਰ ਹੀ ਇਹ ਮੁਖ਼ਤਾਰ ਹੋਏ।

ਮਹਾਰਾਜ ਨਿਹਾਲ ਸਿੰਘ ਤਿੰਨ ਵਾਰ ਮੁਖਤਾਰ ਬਣੇ। ਫਿਰ ਮੈਂ ਸਾਰੀ ਉਮਰ ਹੀ ਭੈਣੀ ਸਾਹਿਬ ਰਿਹਾ। ਦੂਜੀ ਮੁਖਤਾਰੀ ਪਿਛੋਂ ਮੈਂ ਸਿੱਧਾ ਕਰੀਵਾਲੇ ਆ ਗਿਆ। ਕਲੇਮਾਂ ਵਿਚ ਮੇਰੀ ਜ਼ਮੀਨ ਏਥੇ ਆ ਗਈ ਸੀ। ਦੋ ਮੁਰੱਬੇ ਜ਼ਮੀਨ ਸੀ। ਸਰੀਰ ਮੇਰਾ ਬਿਰਧ ਹੋ ਗਿਆ ਸੀ। ਅਸੀਂ ਓਧਰੋਂ ਮਾਰ ਖਾ ਕੇ ਨਿਕਲੇ ਸਾਂ। ਮੈਂ ਸਤਿਗੁਰਾਂ ਨੂੰ ਦੋ ਚਿੱਠੀਆਂ ਲਿਖੀਆਂ ਕਿ ਸਰੀਰ ਮੇਰਾ ਬਿਰਧ ਹੋ ਗਿਐ ਡੇਰੇ ਦਾ ਕੰਮ ਜ਼ਿਆਦਾ ਏ।

ਮੈਂ ਫਿਰ ਓਥੋਂ ਬੰਨ੍ਹ ਕੇ ਸਾਮਾਨ ਤੇ ਬਿਸਤਰਾ ਗੱਡੇ 'ਤੇ ਧਰ ਕੇ ਤਾਰਾ ਸਿੰਘ ਬੱਲੂਆਣਾ (ਮਾਨਸਾ) ਤੋਂ ਗੱਡਾ ਜੁਆ ਲੁਧਿਆਣੇ ਆ ਗਿਆ।

ਪਰਿਵਾਰਕ ਵੇਰਵਾ:

ਜਥੇਦਾਰ ਗੁਰਮੁਖ ਸਿੰਘ ਝੱਬਰ (79) ਬੀਬੀ ਪ੍ਰੀਤਮ ਕੌਰ ਧਰਮ ਪਤਨੀ (ਸਪੁੱਤਰੀ) ਸੰਤ ਆਤਮਾ ਸਿੰਘ ਬੁਰਜਾਂ ਵਾਲੇ ਨੂੰਹਾਂ ਵੱਡੀ ਕਿਰਪਾਲ ਕੌਰ ਸਪੁੱਤਰੀ ਲਾਲ ਸਿੰਘ ਕੱਟਿਆਂ ਵਾਲੇ, ਛੋਟੀ ਅੰਮ੍ਰਿਤ ਕੌਰ ਪੁੱਤਰੀ ਚੰਨਣ ਸਿੰਘ, ਸੁਹੇਲ ਸਿੰਘ ਦੀ ਪੋਤਰੀ ਢੋਟੀਆਂ ਵਾਲੇ ਦੀ

ਲੜਕੇ: ਗੁਰਚਰਨ ਸਿੰਘ ਸੁਵਰਨ ਸਿੰਘ, ਲੜਕੀਆਂ : ਜੀਤੋ, ਲੱਖੋ

ਪ੍ਰੀਤਮ ਸਿੰਘ ਕਵੀ, ਮੁਲਾਕਾਤ : 24.9.79

**ਅੰਤਿਕਾ-॥**

**ਜਥੇਦਾਰ ਗੁਰਮੁਖ ਸਿੰਘ ਝੱਬਰ ਨਾਲ ਦੋ ਮੁਲਾਕਾਤਾਂ ਮੁਲਾਕਾਤੀ : ਸ੍ਰੀ ਦਲੀਪ ਸਿੰਘ**
**ਪਹਿਲੀ ਮੁਲਾਕਾਤ : 27 ਮਾਘ, 2037 ਬਿਕ੍ਰਮੀ ਮੁਤਾਬਿਕ 8 ਫਰਵਰੀ, 1981**
**ਸਥਾਨ : ਕਰੀਵਾਲਾ, ਜ਼ਿਲ੍ਹਾ ਸਿਰਸਾ (ਹਰਿਆਣਾ)**

? ਸੰਤ ਜੀ ਤੁਹਾਡਾ ਨਾਂ ਕੀ ਹੈ ?

ਗੁਰਮੁਖ ਸਿੰਘ ਪਿਤਾ ਦਾ ਨਾਂ ਜਿਊਣ ਸਿੰਘ। ਮਾਤਾ ਹਰ ਕੌਰ। ਮੇਰਾ ਜਨਮ 1957 ਬਿਕ੍ਰਮੀ (20 ਹਾੜ), ਝੱਬਰ (ਜ਼ਿਲ੍ਹਾ ਸ਼ੇਖ਼ੂਪੁਰਾ, ਪਾਕਿਸਤਾਨ)। ਪਿਛਲਾ ਪਿੰਡ।

? ਭੈਣੀ ਸਾਹਿਬ ਕਦੋਂ ਆਏ ? ਕਿੰਨੇ ਸਾਲ ਸੇਵਾ ਕੀਤੀ ?

ਮੇਰੀ ਪੈਦਾਇਸ਼ ਬੁੱਢੇ ਥੇਹ ਦੀ (ਭੋਮੇ ਵਡਾਲੇ ਕੋਲ ਉਮਰ ਪੂਰੇ ਦੇ ਨੇੜੇ ਪਿੰਡ ਸੀ, ਜ਼ਿਲ੍ਹਾ ਅੰਮ੍ਰਿਤਸਰ ਵਿਚ)। ਮੇਰੇ ਮਾਤਾ-ਪਿਤਾ ਉੱਥੋਂ ਮੈਨੂੰ ਲੈ ਆਏ। ਅੱਠਾਂ ਸਾਲਾਂ ਦਾ ਸਾਂ, ਜਦੋਂ ਮਾਤਾ ਪੂਰੀ ਹੋਈ (ਨਹੀਂ 6 ਸਾਲ ਦੇ ਸਨ ਬਿਧ ਅਵਸਥਾ ਕਾਰਨ ਵਰ੍ਹਿਆਂ ਦਾ ਟਪਲਾ ਲੱਗਦਾ ਹੈ) ਭੈਣੀ ਸਾਹਿਬ ਮੈਂ 7-8 ਸਾਲ ਦੀ ਉਮਰ ਵਿਚ ਗਿਆ। ਉਥੇ ਸੇਵਾ ਕਰਦਾ ਰਿਹਾ 7 ਜਾਂ ਸਾਢੇ

ਸੱਤ ਸਾਲ, ਰੌਲੇ ਤੋਂ ਪਹਿਲਾਂ ਪਿੰਡ ਝੱਬਰੀਂ ਚਲਾ ਗਿਆ ਅਤੇ ਏਨਾ ਕੁ ਸਮਾਂ ਰੌਲੇ ਤੋਂ ਬਾਅਦ ਭੈਣੀ ਕ ਸਾਹਿਬ ਗੁਰੂ ਘਰ ਦੀ ਸੇਵਾ ਕੀਤੀ ਸਾਢੇ ਕੁ ਸੱਤ ਸਾਲਾਂ ਤੋਂ ਕੁਝ ਸਮਾਂ ਵੱਧ। (ਭਾਵ ਇਹ ਕਿ 40 ਸਾਲ ਗੁਰੂ ਘਰ ਦੀ ਸੇਵਾ ਕੀਤੀ)।

ਦਸ ਸਾਲਾਂ ਦੇ ਬੱਚੇ ਨੂੰ ਸਮਝ ਹੁੰਦੀ ਏ ਥੋੜ੍ਹੀ। ਦਸ ਸਾਲਾਂ ਦਾ ਸਾਂ ਦਰਸ਼ਨ ਕਰਨ ਜਾਣਾ ਚਲੇ ਜਾਣਾ।(1910 ਈਸਵੀ ਵਿਚ)। ਸ੍ਰੀ ਸਤਿਗੁਰੂ ਸੱਚੇ ਪਾਤਸ਼ਾਹ (ਸਤਿਗੁਰੂ ਪਰਤਾਪ ਸਿੰਘ ਜੀ) ਘੋੜਿਆਂ ਤੇ ਸਵਾਰ ਹੁੰਦੇ ਸੀ। ਨੇਜ਼ੇ ਬਾਜ਼ੀ ਦਾ ਬੜਾ ਸ਼ੌਂਕ ਸੀ। ਰਾਈਆਂ (ਭੈਣੀ ਸਾਹਿਬ ਦਾ ਗੁਆਂਢੀ ਪਿੰਡ) ਦਾ ਇਕ ਸਿੰਘ ਮੇਵਾ ਸਿੰਘ ਸੀ। ਉਹ ਫ਼ੌਜ ਵਿਚੋਂ ਆਇਆ ਤੇ ਸਤਿਗੁਰ ਉਸ ਨਾਲ ਖੇਡਾਂ ਕਰਦੇ। ਨੇਜ਼ੇਬਾਜ਼ੀ ਕਰਦੇ। ਭੱਜੇ ਜਾਂਦਿਆਂ ਘੋੜਿਆਂ ਤੋਂ ਹੀ ਬਾਂਹ ਲੰਮੀ ਕਰਕੇ ਰੁਮਾਲੀ ਚੁੱਕਣੀ। ਦਸ ਕਾਨੇ ਗੱਡ ਕੇ, ਉੱਤੇ ਨਿੰਬੂ ਰੱਖ ਕੇ, ਤਿੰਨਾਂ ਤੇ ਕਿਰਪਾਨ ਨਾਲ ਨਿੰਬੂ ਕੱਟ ਦੇਂਦੇ। ਘੋੜੇ ਨੂੰ ਕਿੱਡਾ ਖੱਬੀ ਖ਼ਾਨ ਹੋਵੇ, ਉਹਦੇ 'ਤੇ ਚੜ੍ਹਨਾ, ਹੱਥ ਜਿੱਥੇ ਵੀ ਪੈ ਜਾਏ, ਧੌਣ ਤੇ ਵਾਲਾਂ ਤੇ ਉਹਨੂੰ ਫੜ ਲੈਣ ਙ "ਨਹਿਰ ਤੇ ਨਿੱਤਨੇਮ – ਪਹਿਲਾ ਚਾਲ੍ਹੀਆਂ"

ਬਾਬਾ ਬੀਰ ਸਿੰਘ ਚੁੰਨ੍ਹੀ ਵਾਲੇ ਨੂੰ ਸੱਦ ਲਿਆ। ਪੁਰਾਣੇ ਸਿੱਖ ਸੱਦ ਕੇ ਸੰਤਾ ਸਿੰਘ ਵੀਰ ਸਿੰਘ ਘੁੱਕੇ ਵਾਲੀਆ। ਪਹਿਲਾ ਨਿੱਤਨੇਮ 1910 ਜਾਂ 11 ਈਸਵੀ ਵਿਚ ਹੋਇਆ। (ਮੁਲਾਕਾਤ ਵਿਚ ਗੁਰਗੱਦੀ ਤੇ ਬੈਠਣ ਦੇ ਹਿਸਾਬ ਵਰ੍ਹੇ ਗਿਣਦੇ ਹਨ)।

ਨਬਾਣੀਆਂ ਹਰਨਾਮ ਸਿੰਘ ਸੇਵਕ ਸੀ ਇਸ ਸਮੇਂ ਸਤਿਗੁਰੂ ਜੀ ਦਾ। ਇਕ ਕਿਸ਼ਨ ਸਿੰਘ ਕੱਟੀ ਭੂਰੇ ਗਿੱਲਾਂ ਦਾ ਵੀ ਸੇਵਾ ਵਿਚ ਸੀ। ਸਤਿਗੁਰਾਂ ਦੇ ਕੁੱਪ ਦਾ ਮੂੰਹ (ਸਰਹੰਦ) ਨਹਿਰ ਵੱਲ ਸੀ। ਉਹਦੇ ਵਿਚ ਬਹਿ ਕੇ ਨਿਤਨੇਮ ਕਰਦੇ। ਫਿਰ ਅਖਾੜਾ। ਇੱਥੋਂ ਦੂਜੇ ਮੀਲ ਵਿਚ ਸੀ। ਉਸ ਵਿਚ ਜਾ ਕੇ ਕਸਰਤ ਕਰਨੀ। ਦੋ ਕਿੱਲੇ ਜ਼ਮੀਨ ਸੀ ਪਹਿਲਾਂ ਇਸ ਨਹਿਰ ਵਾਲੇ ਡੇਰੇ ਦੀ।

ਬਾਬੇ ਸੁੰਦਰ ਸਿੰਘ ਬੁਰਜ (ਮਾਲਵਾ) ਦੇ ਨੂੰ ਗੁਰੂ ਹਰੀ ਸਿੰਘ ਸੋਟੀ ਫੜਾਈ, ਗਾਂਈਂ ਨਹਿਰ 'ਤੇ ਚਾਰਨ ਲਈ। ਇਸ ਸ਼ਖ਼ਸ ਨੇ ਉੱਥੇ ਰੁੱਖ ਲਾਏ। ਸੜਕਾਂ ਬੰਨ੍ਹ ਦਿੱਤੀਆਂ। ਉਦੋਂ ਬਾਅਦ ਉਰਲਾ ਡੇਰਾ। ਫੇਰ ਪਹਿਲੇ ਡੇਰੇ ਤੇ ਜਿੱਥੇ ਬੜਾ ਚਿਰ ਰਹੇ ਫਸਾਦ ਹੋ ਗਿਆ। ਸਤਿਗੁਰ ਆਂਹਦੇ ਛੱਡ ਦੇਈਏ ਸਾਨੂੰ ਨਹੀਂ ਲੋੜ ਏਥੇ ਰਹਿਣ ਦੀ। ਫਿਰ ਮੁਕੱਦਮਾ ਚੱਲਦਾ ਸੀ, ਉਹ ਅਸੀਂ ਜਿੱਤ ਗਏ। ਫਿਰ ਉੱਥੇ ਬੜਾ ਚਿਰ ਰਹੇ। ਜਦੋਂ ਇਸਤੇਮਾਲ ਆਈ ਪੂਨੀਏ ਦੀ, ਉਦੋਂ ਅਸੀਂ ਡੇਰਾ ਉਹ ਛੱਡਿਆ ਤੇ ਜ਼ਮੀਨ ਉਨ੍ਹਾਂ ਲਿਆਏ। ਜਿੰਨਾ ਚਿਰ ਬੀੜ ਨਹੀਂ ਮਿਲਿਆ, ਨਿੱਤਨੇਮ ਨਹਿਰ 'ਤੇ ਹੁੰਦਾ ਰਿਹਾ। ਜਦੋਂ ਬੀੜ ਮਿਲਿਆ ਫਿਰ ਨਿੱਤਨੇਮ ਉੱਥੇ ਹੋਣ ਲੱਗਾ।

ਬੀੜ (ਮਾਈ-ਸੂਬਾ) ਹੁਕਮੀ ਵਰਿਆਂਹ ਵਾਲੀ ਨੇ ਦੁਆਇਆ। ਉਹ ਭੈਣੀ ਸਾਹਿਬ ਰਹਿੰਦੀ ਸੀ। ਪੜ੍ਹੀ ਚੰਗੀ ਸੀ। (ਉਹਦੇ ਬਾਰੇ ਚੱਕਰਵਰਤੀ ਨੇ ਲਿਖਿਆ ਹੈ।) ਜਿੱਦਣ ਬੱਚਾ ਹੋਇਆ, ਸਤਿਗੁਰ ਕੱਕੜੀ ਬਾਰ ਵਾਲੇ ਸਨ। ਸਤਿਗੁਰਾਂ ਨੂੰ ਤਾਰ ਮਿਲੀ। ਦੌਰਾ ਵਿੱਚੇ ਛੱਡ ਕੇ ਸਤਿਗੁਰ ਨਾਭੇ ਗਏ। ਸਭ ਭੇਖ ਸੱਦੇ ਸਨ। ਓਥੇ ਪਾਠਾਂ ਦੇ ਭੋਗ ਪਏ। ਜਦੋਂ ਸਾਰੇ ਚਲੇ ਗਏ ਨਾਭੇ ਵਾਲੇ (ਮਹਾਰਾਜਾ) ਰਿਪੁਦਮਨ ਸਿੰਘ ਨੇ ਮਾਈ ਨੂੰ ਪੁੱਛਿਆ (ਕਿ ਉਹ ਕੀ ਸਤਿਕਾਰ ਭੇਟ ਸਤਿਗੁਰੂ ਜੀ ਦੀ ਕਰੇ ਜਿਹਨਾ ਦੀ ਕਿਰਪਾ ਨਾਲ ਉਹਦੇ ਘਰ ਬੱਚਾ ਹੋਇਆ ਸੀ, ਜੋ ਬਾਅਦ ਵਿਚ ਮਹਾਰਾਜਾ ਬਣਿਆ ਪਰਤਾਪ ਸਿੰਘ)। ਕੂਕਿਆਂ ਦੀ ਇਕ ਗੱਲ ਮੈਂ ਦੱਸਾਂ ਇਹ ਭਾਵੇਂ (ਇੱਥੋਂ) ਲੜ ਝਗੜ ਕੇ ਵੀ ਜਾਣ ਇਹਨਾਂ ਨੂੰ ਆਪਣਾ ਘਰ (ਭੈਣੀ ਸਾਹਿਬ) ਹੀ ਚੰਗਾ ਲਗਦਾ ਹੈ। ਮਾਈ (ਹੁਕਮੀ) ਆਖਿਆ ਬੀੜ ਦੇਹ। ਉਸ ਕਿਹਾ – ਪਸੰਦ ਕਰ ਲਉ। ਕੋਈ 200 ਮੁਰੱਬੇ ਦਾ ਬੀੜ ਸੀ ਕੋਈ 300 ਮੁਰੱਬੇ ਦਾ ਸੀ। ਇਹ 51 ਮੁਰੱਬਿਆਂ ਦਾ ਬੀੜ ਸੀ। ਸਤਿਗੁਰੂ ਜੀ (ਸੰਤ) ਆਲਾ ਸਿੰਘ (ਵਰਨ), (ਭਾਈ) ਵਜੀਰ ਸਿੰਘ, ਸੰਤ ਬਹਾਦਰ ਸਿੰਘ (ਕੱਟਿਆਂ ਵਾਲੇ), (ਸਾਰਾ ਹਜ਼ੂਰੀ ਜੱਥਾ) ਵੇਖਣ ਗਏ। ਇਸ ਵਿਚ ਇਕ ਚੋਅ ਵਗਦਾ ਰਹਿੰਦਾ ਸੀ – ਸੋ ਇਹ ਪਸੰਦ ਕੀਤਾ।

ਪਹਿਲੇ ਕਈ ਕੰਮਾਂ ਤੋਂ ਮੈਨੂੰ ਹਟਾ ਕੇ, ਸੱਚੇ ਪਾਤਸ਼ਾਹ ਨੇ ਮੈਨੂੰ ਮਹਾਰਾਜ ਜਗਜੀਤ ਸਿੰਘ ਜੀ (ਜੋ ਉਦੋਂ ਬਾਲ-ਬੇਅੰਤ ਜੀ ਸਨ) ਦੀ ਸੇਵਾ ਵਿਚ ਲਾਇਆ। ਜਿਸ ਸਾਲ ਅਕਾਲੀਆਂ ਸਾਡੇ ਸਿੰਘਾਂ ਨੂੰ ਤਰਨ ਤਾਰਨ ਕੁੱਟਿਆ, ਪਹਾੜ ਵਿਚ ਗਏ ਆਂ ਮਹਾਰਾਜ ਜਗਜੀਤ ਸਿੰਘ ਨੂੰ ਲੈ ਕੇ। ਕੱਤੇ ਵਿਚ ਅਸੀਂ ਭੈਣੀ ਸਾਹਿਬ ਆਏ ਹਾਂ। ਸਾਢੇ ਚਹੁੰ ਸਾਲਾਂ ਦੇ ਸਨ ਜਦੋਂ ਰਾਗੀ ਹਰਨਾਮ ਸਿੰਘ ਦੇ ਸ਼ਗਿਰਦ ਬਣੇ। ਦੋ ਮਹੀਨੇ ਚਵਿੰਡੇ (ਅੰਮ੍ਰਿਤਸਰ ਜ਼ਿਲ੍ਹਾ) ਰਹੇ ਰਾਗੀ ਜੀ ਕੋਲ। ਫੇਰ ਗੜ੍ਹਦੀਵਾਲੇ ਦੋ ਸਾਲ ਰਹੇ। ਹੁਣ ਇਕ ਗੱਲ ਚੇਤੇ ਆਈ ਕਿ ਜਦੋਂ ਮਹਾਰਾਜ ਬੀਰ ਸਿੰਘ ਦਾ ਜਨਮ ਹੋਇਆ, ਤੁਹਾਡੀ ਦਾਦੀ (ਮਾਤਾ ਭੁਪਿੰਦਰ ਕੌਰ) ਨੂੰ ਸੂਤਕੀ ਬੁਖਾਰ ਹੋ ਗਿਆ। ਅਸੀਂ ਹਾੜ ਵਿਚ ਪਹਾੜ 'ਤੇ ਗਏ ਆਂ ਬੇਬੇ ਭੁਪਿੰਦਰ ਕੌਰ ਜੀ ਨਾਲ। ਸਾਉਣ ਵਿਚ ਅਸੀਂ ਆਏ।

**ਚਲਦਾ...**

# MURDER OF BEEF BUTCHERS BY KUKAS



**Edited by: Dr. Gurdev Singh Sidhu**
9417049417

39. **The Court is of opinion that there was no secret understanding between the Hindus and Akalis and the Kukas.**

There is one point which the Court has omitted to notice, but regarding which it had intended to record an opinion, namely, the question as to whether the Hindus of the city and the Akalis on one side were acting on a secret understanding with the Kukas on the other. The Court records its opinion that they were not. General sympathy in the movement regarding the slaughter of kine was, no doubt, felt by the Kukas, and they eventually took the matter in hand, thinking it probably an epoch when, if they moved effectually, the honor and popularity of the sect among all Hindus and Sikhs would be greatly enhanced. But the Court has failed to perceive anything approaching to a connecting link between the petulant turbulence of the towns-people and the firm, though ruthless, action of the Kukas when they took the matter in hand. There are, on the contrary, indications of unfriendly or careless action, such as the Kukas leaving fragments of Akali cloth and an Akali's quoit at the scene of the murder, thus throwing the suspicion on them. Gulab Singh, approver, in his first statement, stated that the proposal was first made to make the attack in the disguise of Nihangs (Akalis). It will be further seen that the Court is strongly of opinion that Hira Bhatra was probably instigated by the Kukas in working up a false case against the city Hindus, probably with the object of keeping suspicion away from the Kukas.

40. **The secrecy with which the plot was matured and carried out is noted.**

Lastly, the Kukas had no need of help; they had only to summon their men, who came at once, - their only anxiety being to know positively whether it was the "Sat Guru's" order that the crime should be committed. Many of them were quiet, well-disposed men, the reverse of truculent, having no particular stomach for the task, which they would gladly have been relieved of, but it was told them that Guru Ram Singh had ordered it; so they carried it out. They worked, however, entirely through their own men and confederates both within the city and without, and hence the helplessness of the Police, for which they must not be too severely thought of. It is difficult to break into the secrets of a confederacy the members of which place

ਸ੍ਰੀ ਸਤਿਗੁਰੂ ਜੀ ਸਤਿਜੁਗ, ਵਰਿਆਮ, ਵਰਤਮਾਨ ਹਿੰਦੁਸਤਾਨ
ਦੇ ਨਵੇਂ ਪਰਚੇ ਰੀਲੀਜ ਕਰਦੇ ਹੋਏ।











ਸੁਖ਼ਨਵਰ ਰੰਗ ਮੰਚ ਦੀ ਟੀਮ ਵੱਲੋਂ ਮੇਲੇ ਦੌਰਾਨ ਨਾਟਕ 'ਤਿਲਕ ਜੰਞੂ ਰਾਖਾ ਪ੍ਰਭ ਤਾਕਾ'
ਖੇਡਿਆ ਗਿਆ ਮਿਤੀ: 06.03.2026 ਨੂੰ



# ਵਿਸ਼ੇਸ਼ ਬੁਲਾਰੇ

# ਮਾਣ ਸਨਮਾਨ











# ਗੁਰਮੁਖਿ ਕਰਣੀ ਹਰਿ ਕੀਰਤਿ ਸਾਰੁ











implicit confidence in one another. That mutual confidence in the case of the Kukas which was in full force at the time of the murders has now in a great measure been broken up. Numerous recantations have occurred, and it is not, the Court believes, easy for even a member of the sect to know who can be counted on as a true Kuka.

41. **The question whether the murders had the sanction of Guru Ram Singh is examined.**

It would be hard to say whether Guru Ram Singh actually sanctioned the murders. The case made out by the evidence is not clear against him. As the Court has touched on every portion of the subject, it will not leave this unnoticed. The impression left on the mind by a perusal of the records is, that Ram Singh, swayed by the advice of the stirring spirits around him, felt that the prevailing dissatisfaction in the minds of the Sikhs and Hindus at Amritsar in the matter of the slaughter of kine, sale of beef, &c., furnished a fitting opportunity for his sect to move in a way that would gain them prestige and popularity with the whole mass of the cow-reverencing community. But though he appreciated the epoch, and was sufficiently reckless and unprincipled about the crime, he was still too weak and vacillating to give the order himself distinctly for its commission. He therefore dallied with the proposition, and only half pointed in a timid manner at what he would. Gulab Singh is as truculent a fanatic and desperado as ever lived, though a fine handsome-looking man, and would hesitate about nothing to advance the honor of his sect; and the Court imagines that he and others urged the slaughter of the butchers earnestly and constantly on Ram Singh, and that when they obtained a half consent from him they set about the enterprize, partly on their own responsibility, but with the certainty that, when the deed was done, their spiritual head would say it was well done. The Court thinks the fact of the Amritsar tragedy being re-enacted a month after at Raikot sufficiently proves this. If Ram Singh had had any ruth or horror to express, he had a month's leisure to do it in, and his followers would not probably have moved again in the same manner if the Amritsar murders had greatly shocked and distressed their chief. The probability is that Ram Singh accepted the deed done, and showed no real regret for it, and his adherents took their cue accordingly.

42. **The Court is of opinion that perpetration of the murders was more or less countenanced by Guru Ram Singh.**

If anything is clearly shown by the records of the case, it is the fact that the actual murderers of the butchers, both at Amritsar and Raikot, came from the immediate presence of their Guru Ram Singh, and that when doubts arose as to whether he had really given the mandate for a wholesale slaughter of the unfortunate butchers emissaries were sent again and again to his presence in order to ascertain what he really wished. The answers they got either showed real vacillation or were perhaps purposely made to appear ambiguous and contradictory. In result, however, his more stirring followers either believed that they had his order for action, or

were determined to read his oracular utterings in their own way, and a cruel butchery was the result in both instances. Had there been only one event, there might have been room to doubt whether the followers had not gone beyond the wishes of their religious guide and ruler, but a month after the Amritsar murders the same crime was repeated at Raikot, and, as has been before noted, the conclusion is irresistible that the whole thing had Ram Singh's approval. Gulab Singh, the principal witness, has distinctly stated this in his evidence in the Raikot case,-- the Crown versus Geani and Rattan Singh. He there states that, after the Amritsar murders, he went to Ram Singh's presence, and told him that the deed was done, on which Ram Singh said that it was "well done.". And again Gulab Singh stated that the Raikot murders had Ram Singh's previously given distinct sanction, and that when he came back and informed Ram Singh that these also had been carried out, he received the old man's applause.

Gulab Singh's evidence has been used to hang his brethren; there is surely no need to cast it aside when he speaks of the spiritual and temporal ruler of his sect.

43. **The Court hopes the opinion here may have weight, should the re-laxation of Ram Singh's sentence comeunder consideration.**

The court notes these points after a careful and, it trusts, dispassionate examination of the records in the case, in the hope that the opinion thus re- recorded may be allowed weight, if there should ever in any future time arise an agitation with the object of obtaining a relaxation of the sentence of banishment which Ram Singh is now, as the court believes, most deservedly undergoing in consequence of the crimes committed by his intimate followers and the sect generally.

AMRITSAR:
2nd August 1873.
(Signed)
REYNELL G. TAYLOR,
*Sessions Judge and Commissioner, Amritsar Division.*

***

No. 1043, dated Gurdaspur, 26th May 1874.
From - Major-General R. G. TAYLOR, C.B., C.S.I., Commissioner and
Superintendent, Amritsar Division,
To - The Secretary to Government, Punjab.

**Refers to No. 807 of 22nd April.**

I BEG to refer you to my letter No. 807, of the 22nd of April, announcing the relinquishment of the proceedings against Jai Ram by the orders of the Chief Court.

2. **Reasons for not having written in continuation before.**

I should have written earlier in continuation of that communication had I not heard from a reliable source that it was Mr. Christie's intention to address Government regarding his own position, and I was inclined to wait and give my final opinion in the matter when applied to for information on Mr. Christie's application. You have now demi-officially called upon me to furnish whatever further information I have to offer on the subject at once; so I proceed to do this.

3. **Jai Ram questioned as to the character of the defence he intended to**

**make.**

In my letter above alluded to I mentioned that, after informing Jai Ram that he was to be exempted from further proceedings, I had asked him certain questions as to what was to have been the character of his defence.

4. **Reasons for making this enquiry.**

The cause of my doing this was that I knew that I should have to give my Government an opinion as to the necessity or otherwise of any further proceedings being instituted in the case; while the fact that Jai Ram had not been permitted by his counsel to make any statement before the committing magistrate had left me quite uninformed on the point of what the character of his defence was to have been.

5. I knew that there was one danger in thus questioning Jai Ram, which was that he would be pretty sure to put forward the defence which he had been incubating through so many months with an object of vital importance to himself; but at the same time, as he was now made a free man, it appeared to me natural and appropriate to ask him plainly how he had been induced to give the false evidence which might have involved such serious consequences; and 1 accordingly did put this question.

6. **Jai Ram brings out the defence he had prepared.**

The result was, as I had somewhat anticipated, that he came out with the whole story that he had prepared for his defence, the main character being that actual bodily pain and fear had been the predominating cause of his giving the false evidence alluded to.

7. I confess that I had rather expected that he would lay chief stress on the moral pressure put upon him by the other informers, which I believe still to have been the real cause of his act of perjury, but one of these men being in jail, and the other having absconded, he may have thought that that line of defence would be difficult to establish, and might not carry the weight with it that an assertion of actual maltreatment at the hands of the police would.

8. **Jai Ram asserts that he still bears the marks of ill-treatment.**

One of Jai Ram first assertions to me was that he still bore the marks of the evil treatment he had received, and he made a sign towards the part of his body where these were, and asked if he should show them.

9. **The bodily injuries examined.**

As he again in the conversation alluded to these marks, I allowed a chaprassi to examine them, and he reported that the locality in question (between the arms and scrotum) was in a miserable state, with running sores & c.

10. **A committee of officers assembled to** judge of the asserted injuries.

As this had a serious appearance, I at once requested the attendance of the following officers next morning in order that the character of these injuries might be examined and cleared up, viz., Mr. T. W. Smyth, Deputy Commissioner, Mr. W. Coldstream, Assistant Commissioner, Mr. O'Connor, Assistant District Superintendent of Police (the District Superintendent being absent), and Mr. F. Mackenzie, Civil Surgeon.

**to be continued**

# ਖ਼ਬਰਨਾਮਾ

## ਹੋਲਾ ਮਹੱਲਾ

**ਨਾਮ- ਸਿਮਰਨ- ਕੀਰਤਨ- ਦੀਵਾਨ- ਲੈਕਚਰ- ਕਵੀਸ਼ਰੀ- ਕਵੀ ਦਰਬਾਰ- ਨਾਟਕ ਬੱਚਿਆਂ ਦੇ ਪ੍ਰੋਗਰਾਮ- ਪੁਸਤਕਾਂ ਰਲੀਜ਼- ਸਤਿਜੁਗ ਅੰਕ- ਸੇਵਾ- ਅਤੁੱਟ ਲੰਗਰ**

ਖਾਲਸਾਈ ਜਾਹੋ ਜਲਾਲ ਅਤੇ ਚੜਦੀ ਕਲਾ ਦਾ ਪ੍ਰਤੀਕ ਹੋਲਾ ਮਹੱਲਾ ਇਸ ਵਾਰ ਸ੍ਰੀ ਮਸਤਾਨਗੜ੍ਹ 4 ਮਾਰਚ ਤੋਂ 8 ਮਾਰਚ 2026 ਤੱਕ ਮਨਾਇਆ ਗਿਆ। ਇਲਾਕਾ ਸ੍ਰੀ ਜੀਵਨ ਨਗਰ ਦੀ ਸਾਧ ਸੰਗਤ ਹੋਲੇ ਤੋਂ ਪਹਿਲਾ ਹੀ ਸੇਵਾ ਵਿਚ ਜੁੱਟ ਗਈ ਸੀ, ਮੇਲੇ ਦੌਰਾਨ ਵੀ ਸੰਗਤ ਨੇ ਵੀ ਅਣਥੱਕ ਸੇਵਾ ਕੀਤੀ।

**4 ਮਾਰਚ-** ਆਸਾ ਦੀ ਵਾਰ ਦਾ ਕੀਰਤਨ ਰਾਗੀ ਬਲਵੰਤ ਸਿੰਘ, ਕਿਰਪਾਲ ਸਿੰਘ, ਹਰਪ੍ਰੀਤ ਸਿੰਘ, ਹਰਨਾਮ ਸਿੰਘ, ਸਤਨਾਮ ਸਿੰਘ, ਗੁਰਦਿੱਤ ਸਿੰਘ- ਹਰਵਿੰਦਰ ਸਿੰਘ ਵਲੋਂ ਕੀਤਾ ਗਿਆ। ਆਸਾ ਦੀ ਵਾਰ ਤੋਂ ਬਾਅਦ ਸੰਤ ਨਿਸ਼ਾਨ ਸਿੰਘ ਹੁਰੀਂ ਸੰਗਤਾਂ ਨੂੰ ਸੰਬੋਧਨ ਹੋਏ।

ਸੰਤ ਨਿਸ਼ਾਨ ਸਿੰਘ ਜੀ ਵੱਲੋਂ ਗੁਰੂ ਬਾਲਕ ਸਿੰਘ ਜੀ ਦੇ ਜਨਮ ਦਿਹਾੜੇ ਨੂੰ ਮੁੱਖ ਰਖਦੇ ਹੋਏ ਗਿਆਨੀ ਗਿਆਨ ਸਿੰਘ ਜੀ ਦੇ ਹਵਾਲੇ ਨਾਲ ਉਹਨਾਂ ਦੇ ਜੀਵਨ ਬਾਰੇ ਸੰਗਤਾਂ ਨਾਲ ਵਿਚਾਰਾਂ ਦੀ ਸਾਂਝ ਪਾਈ ਗਈ। ਉਹਨਾਂ ਦੱਸਿਆ ਕਿ ਤਕਰੀਬਨ 1785 ਈ: (1841 ਬਿਕਰਮੀ) ਵਿਚ ਸਤਿਗੁਰੂ ਬਾਲਕ ਸਿੰਘ ਜੀ ਦਾ ਪ੍ਰਕਾਸ਼ ਹੁੰਦਾ ਹੈ ਅਤੇ ਅੱਜ ਦੇ ਹੀ ਦਿਨ ਸਤਿਗੁਰ ਪ੍ਰਤਾਪ ਸਿੰਘ ਜੀ ਦਾ ਪ੍ਰਕਾਸ਼ 1890 ਈ ਨੂੰ ਹੋਇਆ। ਇਸੇ ਦਿਨ 1701 ਬਿਕਰਮੀ ਨੂੰ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਹੋਲੇ ਦਾ ਆਰੰਭ ਕੀਤਾ ਗਿਆ ਸੀ। ਉਹਨਾਂ ਕਿਹਾ ਕਿ ਇਸ ਤਰ੍ਹਾਂ ਅੱਜ ਦਾ ਦਿਨ ਤ੍ਰਿਵੇਣੀ ਦਾ ਦਿਹਾੜਾ ਬਣਦਾ ਹੈ। ਸੰਤ ਨਿਸ਼ਾਨ ਸਿੰਘ ਜੀ ਨੇ ਗਿਆਨੀ ਗਿਆਨ ਸਿੰਘ ਜੀ ਦੇ 'ਪੰਥ ਪ੍ਰਕਾਸ਼' ਦੇ ਵੇਰਵੇ ਦੇ ਕੇ ਕੂਕਿਆ ਸੰਬੰਧਿਤ ਗਿਆਨੀ ਜੀ ਦੇ ਕਬਿਤਾਂ ਦੀ ਵਿਆਖਿਆ ਕੀਤੀ। ਉਹਨਾਂ ਦਸਿਆ ਕਿ ਗੁਰੂ ਬਾਲਕ ਸਿੰਘ ਜੀ ਦਾ ਜਨਮ ਉਸ ਸਮੇਂ ਹੁੰਦਾ ਹੈ ਜਦੋਂ ਮਿਸਲਾਂ ਮੁਗਲ ਰਾਜ ਵਿਰੁੱਧ ਜਦੋ-ਜਹਿਦ ਕਰ ਰਹੀਆਂ ਹਨ। ਉਹਨਾਂ ਕਿਹਾ ਸਤਿਗੁਰੂ ਜੀ ਦਾ ਜਨਮ ਅਟਕ ਜ਼ਿਲ੍ਹੇ ਦੇ ਪਿੰਡ 'ਸੋਈ' ਵਿੱਖੇ ਹੋਇਆ। ਸਤਿਗੁਰਾਂ ਦੀ ਮਾਤਾ ਜੀ ਦਾ ਨਾਮ ਮਾਤਾ ਭਾਗਭਰੀ ਸੀ। ਗਿਆਨੀ ਗਿਆਨ ਸਿੰਘ ਲਿਖਦੇ ਹਨ ਕਿ ਸਤਿਗੁਰੂ ਬਾਲਕ ਸਿੰਘ ਜੀ ਦੇ ਜੀਵਨ ਵਿੱਚ ਕਿਸੇ ਪ੍ਰਕਾਰ ਦਾ ਆਡੰਬਰ ਨਹੀਂ ਸੀ। ਉਹ ਪੈਗੰਬਰਾ ਨੂੰ ਪਾਲਣ ਵਾਲੇ ਵੱਡੇ ਪੈਗੰਬਰ ਸਨ। ਉਹਨਾਂ ਦਾ ਜੀਵਨ ਨਾਮ, ਸਿਮਰਨ ਗੁਰਬਾਣੀ ਕਥਾ ਅਤੇ ਸੇਵਾ ਸਮਰਪਿਤ ਸੀ। ਉਨ੍ਹਾਂ ਨੇ 1841 ਈ. ਵਿਚ ਸਤਿਗੁਰੂ ਰਾਮ ਸਿੰਘ ਜੀ ਨੂੰ ਗੁਰਗੱਦੀ ਬਖ਼ਸ਼ੀ।

**ਦਿਨ ਦੇ ਦੀਵਾਨ-** ਦੀਵਾਨਾਂ ਦੀ ਸ਼ੁਰੂਆਤ ਕਵੀ ਕਰਨੈਲ ਸਿੰਘ ਅਸਪਾਲ ਨੇ ਆਪਣੇ ਜਥੇ ਦੇ ਨਾਲ ਕੀਤੀ ਜਥੇਦਾਰ ਜਸਵੰਤ ਸਿੰਘ ਸ੍ਰੀ ਭੈਣੀ ਸਾਹਿਬ ਨੇ ਸਤਿਗੁਰੂ ਬਾਲਕ ਸਿੰਘ ਜੀ ਦੇ ਜੀਵਨ ਅਧਾਰਿਤ ਦੀਵਾਨ ਸਜਾਇਆ। ਕਵੀਸ਼ਰ ਮੱਖਣ ਸਿੰਘ ਮੱਲਕੇ ਦੇ ਕਵੀਸ਼ਰੀ ਜਥੇ ਨੇ ਸ੍ਰੀ ਗੁਰੂ ਅਮਰਦਾਸ ਜੀ ਦਾ ਪ੍ਰਸੰਗ ਸੁਣਾਇਆ। ਜਥੇ. ਜਸਵਿੰਦਰ ਸਿੰਘ ਭਿੰਡਰ ਹੁਰਾਂ ਨੇ ਖਾਲਸੇ ਪੰਥ ਦੀ ਸਾਜਨਾ ਦਾ ਇਤਿਹਾਸ ਸੰਗਤਾਂ ਨਾਲ ਸਾਝਾਂ ਕੀਤਾ। ਜ. ਬਲਬੀਰ ਸਿੰਘ ਹੁਰਾਂ ਨੇ ਸਤਿਗੁਰੂ ਬਾਲਕ ਸਿੰਘ ਅਤੇ ਸਤਿਗੁਰੂ ਰਾਮ ਸਿੰਘ ਜੀ ਦੇ ਮਿਲਣ ਦਾ ਇਤਿਹਾਸ ਸੰਗਤਾਂ ਨੂੰ ਸਰਵਨ ਕਰਵਾਇਆ। ਨਿਤਨੇਮ ਤੋਂ ਬਾਅਦ ਕੀਰਤਨ ਸਤਨਾਮ ਸਿੰਘ, ਬਸੰਤ ਸਿੰਘ, ਆਸਾ ਸਿੰਘ, ਹਰਨਾਮ ਸਿੰਘ ਹੁਰਾਂ ਦੇ ਜਥੇ ਵਲੋਂ ਕੀਤਾ ਗਿਆ।

**ਸੇਵਕ ਹਰਪਾਲ ਸਿੰਘ ਹੁਰਾਂ ਦੁਆਰਾ ਮਸਤਾਨਗੜ੍ਹ (ਇਲਾਕਾ ਜੀਵਨ ਨਗਰ) ਦੇ ਇਤਿਹਾਸ ਨੂੰ ਦਰਸਾਉਂਦੀ ਲਿਖੀ ਕਿਤਾਬ ਨੂੰ ਸਤਿਗੁਰੂ ਉਦੇ ਸਿੰਘ ਜੀ ਵਲੋਂ ਰਿਲੀਜ਼ ਕੀਤਾ ਗਿਆ।**

**ਸ਼ਾਮ ਦੇ ਦੀਵਾਨ-** ਸ਼ਾਮ ਦੇ ਦੀਵਾਨਾਂ ਦੀ ਸ਼ੁਰੂਆਤ ਜ. ਧਰਮ ਸਿੰਘ ਹੁਰਾਂ ਦੇ ਪੋਤਰੇ ਰਾਜਾ ਸਿੰਘ ਦਿੱਲੀ ਨੇ ਕੀਤੀ। ਜ. ਸੁਰਜੀਤ ਸਿੰਘ ਮੁਸਤਫਾਪੁਰ ਨੇ ਸਤਿਗੁਰੂ ਬਾਲਕ ਸਿੰਘ ਜੀ ਦੁਆਰਾ ਪੱਥਰ ਪੂਜਕ ਸੁਮਾਨੀ ਰਾਮ ਤੇ ਕਿਰਪਾ ਦਾ ਪ੍ਰਸੰਗ ਸੁਣਾਇਆ। ਕਵੀਸ਼ਰ ਨਰਿੰਦਰਪਾਲ ਸਿੰਘ ਅਬੁਲ-ਖੁਰਾਣਾ ਦੇ ਕਵੀਸ਼ਰੀ ਜਥੇ ਨੇ ਸਿੱਖਾਂ ਦੇ ਘੁੱਲੂਘਾਰਿਆਂ ਸਿੱਖਾਂ ਤੇ ਹੋਏ ਜ਼ੁਲਮਾਂ ਦਾ ਇਤਿਹਾਸ ਸੁਣਾਇਆ।

**5 ਮਾਰਚ-** ਸਵੇਰੇ ਆਸਾ ਦੀ ਵਾਰ ਦਾ ਕੀਰਤਨ ਰਾਗੀ ਹਰਵਿੰਦਰ ਸਿੰਘ, ਬਸੰਤ ਸਿੰਘ, ਹਰਨਾਮ ਸਿੰਘ,

ਪ੍ਰਭਦੀਪ ਕੌਰ ਹੁਰਾਂ ਦੇ ਜਥੇ ਵਲੋਂ ਕੀਤਾ ਗਿਆ। ਆਸਾ ਦੀ ਵਾਰ ਦੇ ਭੋਗ ਤੋਂ ਬਾਅਦ, ਇਤਿਹਾਸ ਖੋਜਾਰਥੀ ਗੁਰਲਾਲ ਸਿੰਘ ਹੁਰਾਂ ਨੇ ਸੰਗਤਾਂ ਨੂੰ ਸੰਬੋਧਨ ਕੀਤਾ।

**ਗੁਰਲਾਲ ਸਿੰਘ** ਨੇ ਬੋਲਦਿਆਂ ਕਿਹਾ ਕਿ ਜਿਸ ਤਰ੍ਹਾਂ ਗੁਰੂ ਨਾਨਕ ਪਾਤਸ਼ਾਹ ਜੀ ਨੇ ਬਾਬਰ ਦੇ ਹਮਲੇ ਤੋਂ ਪਹਿਲਾਂ ਆਪਣੇ ਸਿੱਖ ਭਾਈ ਲਾਲੋ ਨੂੰ ਐਮਨਾਬਾਦ ਸ਼ਹਿਰ ਵਿੱਚੋਂ ਦੂਰ ਹੋ ਜਾਣ ਦੀ ਸਲਾਹ ਦਿੱਤੀ ਸੀ। ਗੁਰੂ ਸਾਹਿਬ ਨੇ ਉਨ੍ਹਾਂ ਨੂੰ ਆਗਾਹ ਕੀਤਾ ਸੀ ਕਿ ਇੱਥੇ ਜਲਦੀ ਹੀ ਬਾਬਰ ਦਾ ਹਮਲਾ ਹੋਣ ਵਾਲਾ ਹੈ ਅਤੇ ਸ਼ਹਿਰ ਵਿੱਚ ਭਿਆਨਕ ਤਬਾਹੀ ਮਚੇਗੀ। ਬਹੁਤ ਸਾਰੇ ਲੋਕਾਂ ਨੇ ਇਸ ਗੱਲ ਨੂੰ ਗੰਭੀਰਤਾ ਨਾਲ ਨਹੀਂ ਲਿਆ, ਪਰ ਭਾਈ ਲਾਲੋ ਨੇ ਗੁਰੂ ਦੀ ਬਾਣੀ ਤੇ ਵਿਸ਼ਵਾਸ ਕੀਤਾ ਅਤੇ ਸ਼ਹਿਰ ਤੋਂ ਦੂਰ ਹੋ ਗਏ। ਇਸ ਕਰਕੇ ਉਹ ਬਾਬਰ ਦੇ ਜ਼ੁਲਮਾਂ, ਲੁੱਟ-ਮਾਰ ਅਤੇ ਤਬਾਹੀ ਤੋਂ ਬਚ ਗਏ।

ਇਸੇ ਤਰ੍ਹਾਂ ਦੇਸ਼ ਦੀ ਵੰਡ ਦੇ ਸਮੇਂ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਵੀ ਆਪਣੀ ਸੰਗਤ ਨੂੰ ਪਹਿਲਾਂ ਹੀ ਆਗਾਹ ਕਰ ਦਿੱਤਾ ਸੀ ਕਿ ਦੇਸ਼ ਦੀ ਵੰਡ ਹੋਣ ਵਾਲੀ ਹੈ, ਜਿਸ ਕਾਰਨ ਲੁੱਟ-ਮਾਰ, ਹਿੰਸਾ ਅਤੇ ਇੱਜ਼ਤਾਂ ਦੀ ਬੇਅਦਬੀ ਵਰਗੀਆਂ ਦੁਖਦਾਈ ਘਟਨਾਵਾਂ ਵਾਪਰਨਗੀਆਂ। ਇਸ ਲਈ ਉਨ੍ਹਾਂ ਨੇ ਸੰਗਤ ਨੂੰ ਆਖਿਆ ਕਿ ਉਹ ਪਹਿਲਾਂ ਹੀ ਸੁਰੱਖਿਅਤ ਥਾਂ ਵੱਲ ਚਲੇ ਜਾਣ। ਸਤਿਗੁਰੂ ਜੀ ਦੇ ਹੁਕਮ ਅਨੁਸਾਰ ਬਹੁਤ ਸਾਰੇ ਸਿੱਖ ਹਿਸਾਰ ਜ਼ਿਲ੍ਹੇ ਦੇ ਇਲਾਕੇ ਸ੍ਰੀ ਜੀਵਨ ਨਗਰ ਵੱਲ ਰੁਖ ਕਰ ਗਏ।

ਸੰਗਤ ਨੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਗੱਲ ਨੂੰ ਭਾਈ ਲਾਲੋ ਵਾਂਗ ਸੱਚਾ ਮੰਨ ਕੇ ਆਪਣੀ ਇੱਜ਼ਤ, ਧਨ-ਦੌਲਤ ਅਤੇ ਪਰਿਵਾਰ ਦੀ ਰੱਖਿਆ ਕੀਤੀ। ਉਹ ਆਪਣੇ ਬੱਚਿਆਂ, ਪਰਿਵਾਰਾਂ ਅਤੇ ਮਾਲ-ਡੰਗਰ ਸਮੇਤ ਸੁਰੱਖਿਅਤ ਤਰੀਕੇ ਨਾਲ ਉੱਥੇ ਪਹੁੰਚ ਗਏ। ਇਹ ਸੰਗਤ ਉੱਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਇਕ ਵੱਡਾ ਉਪਕਾਰ ਸੀ।

ਅੰਤ ਵਿੱਚ ਉਨ੍ਹਾਂ ਨੇ ਕਿਹਾ ਕਿ ਧਰਮ ਸਾਨੂੰ ਕੇਵਲ ਬਾਹਰੀ ਰਸਮਾਂ ਜਾਂ ਦਿਖਾਵਿਆਂ ਦੀ ਸਿੱਖਿਆ ਨਹੀਂ ਦਿੰਦਾ, ਬਲਕਿ ਧਰਮ ਸਾਨੂੰ ਆਪਣੇ ਅੰਦਰ ਵੱਲ ਮੋੜਦਾ ਹੈ। ਇਸ ਲਈ ਅੱਜ ਦੇ ਸਮੇਂ ਵਿੱਚ ਧਰਮ ਦੀ ਸਹੀ ਅਤੇ ਸਚੀ ਵਿਆਖਿਆ ਹੋਣੀ ਬਹੁਤ ਜ਼ਰੂਰੀ ਹੈ। ਮਨੁੱਖ ਨੂੰ ਅੰਤਰਮੁਖੀ ਹੋ ਕੇ ਆਪਣੇ ਅੰਦਰ ਝਾਤ ਮਾਰਨੀ ਚਾਹੀਦੀ ਹੈ ਅਤੇ ਆਪਣੇ ਵਿਚਾਰਾਂ ਅਤੇ ਆਚਰਨ ਦੀ ਪਰਖ ਕਰਨੀ ਚਾਹੀਦੀ ਹੈ।

**ਦਿਨ ਦੇ ਦੀਵਾਨ–** ਦੀਵਾਨਾਂ ਦੀ ਸ਼ੁਰੂਆਤ ਕਾਕਾ ਤਰਨ ਸਿੰਘ ਅਤੇ ਜਥੇ. ਮਨਜੀਤ ਸਿੰਘ ਦਿੱਲੀ ਹੁਰਾਂ ਨੇ ਕੀਤੀ। ਮਹੰਤ ਸੰਤੋਖ ਸਿੰਘ ਹੁਰਾਂ ਨੇ ਸੁਰੀਲੀ ਅਵਾਜ਼ ਅਤੇ ਪ੍ਰਭਾਵਸ਼ਾਲੀ ਸ਼ੈਲੀ ਨਾਲ ਸੰਗਤਾਂ ਨੂੰ ਗੁਰ ਇਤਿਹਾਸ ਨਾਲ ਜੋੜਿਆ। ਕਵੀ ਹਰਵੇਲ ਸਿੰਘ ਹੁਰਾਂ ਨੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਅਵਤਾਰ ਦਾ ਇਤਿਹਾਸ ਸਾਝਾਂ ਕੀਤਾ। ਸੂਬਾ ਅਜੀਤ ਸਿੰਘ ਬਟਾਲਾ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਹੋਲੀ ਤੋਂ ਹੋਲਾ ਬਣਾਉਣ ਦਾ ਇਤਿਹਾਸ ਅਤੇ ਨਾਮਧਾਰੀ ਹੋਲੇ-ਮਹੱਲੇ ਬਾਰੇ ਸੰਗਤਾਂ ਨਾਲ ਵਿਚਾਰ ਸਾਂਝੇ ਕੀਤੇ। ਕਵੀਸ਼ਰ ਦਿਲਬਾਗ ਸਿੰਘ ਵਲਟੋਹਾ ਦੇ ਕਵੀਸ਼ਰੀ ਜਥੇ ਨੇ ਦੇਵੀ ਚੰਦ ਉੱਤੇ ਸ੍ਰੀ ਗੁਰੂ ਗੋਬਿੰਦ ਸਿੰਘ ਦੀ ਬਖਸ਼ਿਸ਼ ਦਾ ਇਤਿਹਾਸ ਸੰਗਤ ਨੂੰ ਸੁਣਾਇਆ। ਗੁਰਚਰਨ ਸਿੰਘ ਮੁਹਾਵਾ ਨੇ ਦੀਵਾਨ ਦੀ ਸ਼ੁਰੂਆਤ ਹੋਲੀ ਕੀਨੀ ਸੰਤ ਸੇਵ ਸ਼ਬਦ ਦੀ ਟੇਕ ਲੈ ਕੇ ਕੀਤੀ। ਮਾਨਾ ਵਾਲਾ ਹੋਲੇ ਤੇ ਘੁਮਿਆਰੀ ਦੇ ਬੱਚੇ ਨੂੰ ਜੀਉਂਦਾ ਕਰਨ ਦੀ ਸਾਖੀ ਨਾਲ ਹਲੇ ਦੀ ਇਤਿਹਾਸਕ ਤਵਾਰੀਖ ਨੂੰ ਯਾਦ ਕੀਤਾ

ਸੰਤ ਗੁਰੂਬਚਨ ਸਿੰਘ ਚੰਡੀਗੜ੍ਹ ਵਾਲਿਆਂ ਨੇ ਮਨ ਨੂੰ ਇਕਾਗਰ ਅਤੇ ਇਕ ਗੁਰੂ ਦੇ ਚਰਨਾਂ ਵਿਚ ਜੋੜਨ ਨੂੰ ਲੈ ਕੇ ਅਤੇ ਆਪਣੇ ਚਰਿੱਤਰ ਨੂੰ ਸਾਫ ਸਵੱਛ ਕਰਨ ਬਾਰੇ ਵਿਚਾਰਾਂ ਕੀਤੀਆਂ। ਬੱਚੀ ਮਹਿੰਦਰ ਕੌਰ ਨੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀਆਂ ਇਲਾਕਾ ਸ੍ਰੀ ਜੀਵਨ ਨਗਰ ਤੇ ਕੀਤੀਆਂ ਬਖਸ਼ਿਸ਼ਾਂ ਨੂੰ ਬਿਆਨ ਕਰਦਾ ਇਕ ਭਾਸ਼ਣ ਸੰਗਤਾਂ ਨਾਲ ਸਾਝਾਂ ਕੀਤਾ।

ਸਤਿਗੁਰੂ ਪ੍ਰਤਾਪ ਸਿੰਘ ਇੰਟਰਨੈਸ਼ਨਲ ਸਕੂਲ ਦੇ ਬੱਚਿਆਂ ਵਲੋਂ ਦੇਹੁ ਦਰਸ ਮਨੁ ਚਾਉ ਸ਼ਬਦ ਗਾਇਨ ਕੀਤਾ ਗਿਆ। ਨਿਤਨੇਮ ਦੌਰਾਨ ਸੰਗਤਾਂ ਨੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਪਵਿੱਤਰ ਉਪਦੇਸ਼ ਸਰਵਣ ਕੀਤੇ। ਕੀਰਤਨ ਰਾਗੀ ਬਲਵੰਤ ਸਿੰਘ, ਹਰਪ੍ਰੀਤ ਸਿੰਘ ਹੁਰਾਂ ਦੇ ਜਥੇ ਵਲੋਂ ਕੀਤਾ ਗਿਆ। ਰਾਗੀ ਜਥੇ ਨੇ ਰੇ ਮਨ ਰਾਮ ਸਿਉ ਕਰ ਪ੍ਰੀਤ ਸ਼ਬਦ ਨਾਲ ਸ਼ੁਰੂਆਤ ਕੀਤੀ। ਹਉ ਫਿਰਉ ਦਿਵਾਨੀ ਆਵਲ ਬਾਵਲ ਸ਼ਬਦ ਨਾਲ ਸਮਾਪਤੀ ਕੀਤੀ।

**ਸ਼ਾਮ ਦੇ ਦੀਵਾਨ–** ਦੀਵਾਨਾਂ ਦੀ ਸ਼ੁਰੂਆਤ ਜ. ਜਸਪਾਲ ਸਿੰਘ ਰਾਣੀਆਂ ਦੀ ਬੱਚੀ ਰਾਜਿੰਦਰ ਕੌਰ ਨੇ ਕੀਤੀ। ਜਥੇ. ਪ੍ਰੀਤਮ ਸਿੰਘ ਹੁਰਾਂ ਨੇ ਇਲਾਕੇ ਤੇ ਸਤਿਗੁਰੂ ਪ੍ਰਤਾਪ ਸਿੰਘ ਅਤੇ ਸਤਿਗੁਰੂ ਜਗਜੀਤ ਸਿੰਘ ਹੁਰਾਂ ਦੀਆਂ ਬਖਸ਼ਿਸ਼ਾਂ ਦਾ ਗੁਣਗਾਨ ਕੀਤਾ। ਸੂਬਾ ਸੰਦੀਪ ਸਿੰਘ ਕਰੀਵਾਲਾ ਨੇ ਪ੍ਰਹਿਲਾਦ ਅਤੇ ਹੋਲਿਕਾ ਦਾ ਇਤਿਹਾਸ ਅਤੇ ਹੋਲੀ ਤੋਂ ਹੋਲੇ ਦਾ ਸਫ਼ਰ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ

ਦੁਆਰਾ ਭਾਈ ਡੱਲੇ ਦੀ ਪਰਖ ਦੀ ਸਾਖੀ ਸੰਗਤਾਂ ਨਾਲ ਸਾਂਝੀ ਕੀਤੀ। ਕਵੀਸ਼ਰ ਜੋਗਾ ਸਿੰਘ ਦੇ ਜਥੇ ਨੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੁਆਰਾ ਨਾਨਕ ਨਾਮ ਲੇਵਾ ਸਰਬ ਸੰਪਰਦਾਇ ਕਾਨਫਰੰਸ ਦਾ ਪ੍ਰਸੰਗ ਸੰਗਤਾਂ ਨਾਲ ਸਾਂਝਾ ਕੀਤਾ।

**6 ਮਾਰਚ–** ਆਸਾ ਦੀ ਵਾਰ ਦਾ ਕੀਰਤਨ ਪੁਰਾਤਨ ਸ਼ੈਲੀ ਵਾਰੇ ਦੇ ਰੂਪ ਵਿਚ ਢੋਲਕੀ ਛੈਣਿਆਂ ਨਾਲ ਰਾਗੀ ਬਲਵੰਤ ਸਿੰਘ, ਕਿਰਪਾਲ ਸਿੰਘ, ਸਤਨਾਮ ਸਿੰਘ, ਬਿਧੀ ਸਿੰਘ, ਲਵਪ੍ਰੀਤ ਸਿੰਘ, ਜਸਵੰਤ ਸਿੰਘ, ਤੇਜਾ ਸਿੰਘ, ਲਖਵਿੰਦਰ ਸਿੰਘ ਹੁਰਾਂ ਦੇ ਜਥੇ ਵਲੋਂ ਕੀਤਾ ਗਿਆ। ਆਸਾ ਦੀ ਵਾਰ ਦੇ ਭੋਗ ਤੋਂ ਬਾਅਦ ਸ. ਸੁਵਰਨ ਸਿੰਘ ਵਿਰਕ ਨੇ ਸੰਗਤਾਂ ਨੂੰ ਸੰਬੋਧਨ ਕਰਨ ਸ਼ੁਰੂ ਕੀਤਾ।

**ਸੁਵਰਨ ਸਿੰਘ ਵਿਰਕ–** ਸਤਿਗੁਰਾਂ ਨੇ ਇਸ ਇਲਾਕੇ ਤੇ ਕਿਰਪਾ ਕਰਕੇ ਇਥੋਂ ਦੀ ਸੰਗਤ ਉਪਰ ਹੋਲੇ-ਮਹੱਲੇ ਦੇ ਪੁਰਵ ਨੂੰ ਮਨਾਉਣ ਦੀ ਮਿਹਰ ਕੀਤੀ। ਅੱਜ ਦਾ ਦਿਨ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਸਮਰਪਿਤ ਹੈ। ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਜਨਮ ਉਸ ਸਮੇਂ ਹੋਇਆ ਜਿਸ ਸਮੇਂ ਸ੍ਰੀ ਭੈਣੀ ਸਾਹਿਬ ਪੂਰੇ ਦਾ ਪੂਰਾ ਅੰਗਰੇਜ਼ਾਂ ਦੀ ਨਜ਼ਰਬੰਦੀ ਅਧੀਨ ਸੀ। ਸੰਤ ਸੰਤੋਖ ਸਿੰਘ ਜੀ ਤੋਂ ਆਪ ਨੇ ਗੁਰਮੁੱਖੀ ਸਿੱਖੀ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸੰਤ ਬਸੰਤ ਸਿੰਘ ਜੀ ਗੜ੍ਹ ਪਧਾਨਾਂ ਵਾਲਿਆਂ ਤੋਂ ਸੰਸਕ੍ਰਿਤ ਦੀ ਵਿਦਿਆ ਹਾਸਿਲ ਕੀਤੀ। ਸਤਿਗੁਰੂ ਪ੍ਰਤਾਪ ਸਿੰਘ ਸ਼ੁਰੂ ਤੋਂ ਹੀ ਤੀਖਣ ਬੁੱਧੀ ਦੇ ਮਾਲਕ ਸਨ। 17 ਮਈ 1906 ਨੂੰ ਸਤਿਗੁਰੂ ਹਰੀ ਸਿੰਘ ਜੀ ਜੋਤੀ ਜੋਤ ਸਮਾ ਗਏ। ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਗੁਰਗੱਦੀ 'ਤੇ ਬਿਰਾਜਮਾਨ ਹੋਏ। ਵਿਰਕ ਜੀ ਨੇ ਨਾਮਧਾਰੀ ਪੰਥ ਦੇ ਉਸ ਸਮੇਂ ਦੇ ਹਲਾਤਾਂ ਦਾ ਵਰਨਣ ਕੀਤਾ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਭਾਰਤ ਦੀ ਆਜ਼ਾਦੀ ਵਿਚ ਉੱਘਾ ਯੋਗਦਾਨ ਪਾਇਆ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਗੁਰਦੁਆਰਾ ਰਕਾਬਗੰਜ ਦੀ ਕੰਧ ਢਾਹੇ ਜਾਣ ਦਾ ਵਿਰੋਧ ਕੀਤਾ। ਉਹਨਾਂ ਨਾਭਾ ਰਿਆਸਤ ਦੇ ਪਿਛੋਕੜ ਉਪਰ ਚਾਨਣਾ ਪਾਉਂਦੇ ਉਸ ਦਾ ਨਾਮਧਾਰੀਆਂ ਨਾਲ ਸੰਬੰਧਤ ਇਤਿਹਾਸ ਉਜਾਗਰ ਕੀਤਾ ਕਿ ਕਿਸ ਤਰ੍ਹਾਂ ਨਾਭਾ ਰਿਆਸਤ ਨੇ ਨਾਮਧਾਰੀਆਂ ਨੂੰ ਬੀੜ ਦਾ ਦਾਨ ਦਿੱਤਾ। ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਕਿਰਪਾ ਨਾਲ 1920 ਈ. ਵਿਚ ਸਤਿਜੁਗ ਪਰਚਾ ਸ਼ੁਰੂ ਹੋਇਆ। ਉਹਨਾਂ ਦੱਸਿਆ ਕਿ ਕਿਸ ਤਰ੍ਹਾਂ ਸ੍ਰੀ ਭੈਣੀ ਸਾਹਿਬ ਕ੍ਰਾਂਤੀਕਾਰੀਆਂ ਲਈ ਸੁਰੱਖਿਆ ਦਾ ਕੇਂਦਰ ਬਣਿਆ ਰਿਹਾ। ਉਹਨਾਂ ਸਤਿਗੁਰੂ ਪ੍ਰਤਾਪ ਸਿੰਘ ਦੁਆਰਾ ਇਲਾਕੇ ਦੀ ਜ਼ਮੀਨ ਖ੍ਰੀਦਣ ਦਾ ਇਤਿਹਾਸ ਦੱਸਿਆ ਅਤੇ ਉਨ੍ਹਾਂ ਦੱਸਿਆ ਕਿ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਪਾਕਿਸਤਾਨ ਵਿਚੋਂ ਸਿੱਖਾਂ ਨੂੰ ਸਹੀ ਸਲਾਮਤ ਭਾਰਤ ਲਿਆਂਦਾ। ਇਸ ਤਰ੍ਹਾਂ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਸਿੱਖਾਂ ਉਪਰ ਆਪਾਰ ਮਿਹਰ ਰਹੀ।

**ਦਿਨ ਦੇ ਦੀਵਾਨ–** ਸੂਬਾ ਬਲਵਿੰਦਰ ਸਿੰਘ ਯੱਕ ਯਕੂਬ ਹੁਰਾਂ ਨੇ ਦੀਵਾਨਾਂ ਦੀ ਸ਼ੁਰੂਆਤ ਕੀਤੀ। ਕਿਰਪਾ ਸਿੰਘ ਅਤੇ ਬਾਅਦ ਵਿਚ ਮਹੰਤ ਦਰਸ਼ਨ ਸਿੰਘ ਹੁਰਾਂ ਨੇ ਵਾਰੀ-ਵਾਰੀ ਗੁਰ ਇਤਿਹਾਸ ਨਾਲ ਸੰਗਤਾਂ ਨੂੰ ਜੋੜਿਆ। ਰਾਗੀ ਮਨਜੀਤ ਸਿੰਘ ਦਿੱਲੀ ਹੁਰਾਂ ਨੇ ਸਤਿਗੁਰੂ ਪ੍ਰਤਾਪ ਸਿੰਘ ਦੀਆਂ ਬਖਸ਼ਿਸ਼ਾਂ ਦਾ ਗੁਨਗਾਣ ਕੀਤਾ। ਜਥੇ. ਹਰਪਾਲ ਸਿੰਘ ਹੁਰਾਂ ਨੇ ਜਿਨ ਪ੍ਰੇਮ ਕਿਓ, ਤਿਨ ਹੀ ਪ੍ਰਭ ਪਾਇਓ ਟੇਕ ਲੈ ਕੇ ਦੀਵਾਨ ਦੀ ਸ਼ੁਰੂਆਤ ਕੀਤੀ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੁਆਰਾ ਜੈਲਦਾਰ ਚੌਧਰੀ ਕਰਮ ਦਾਦ ਅਤੇ ਚੌਧਰੀ ਗੁਲਾਮ ਗੌਂਸ ਤੇ ਬਖਸ਼ਿਸ਼ਾਂ ਤੇ ਪ੍ਰੇਮ ਦਾ ਇਤਿਹਾਸ ਸੰਗਤਾਂ ਨਾਲ ਸਾਂਝਾ ਕੀਤਾ। ਜਥੇ. ਗੁਰਲਾਲ ਸਿੰਘ ਹੁਰਾਂ ਨੇ ਸਤਿਗੁਰ ਦਰਸਨ ਧੰਨ ਹੈ ਟੇਕ ਲੈ ਕੇ ਦੀਵਾਨ ਦੀ ਸ਼ੁਰੂਆਤ ਕੀਤੀ। ਇਲਾਕਾ ਜੀਵਨ ਨਗਰ ਵਸਾਉਣ ਦਾ ਇਤਿਹਾਸ ਪ੍ਰਭਾਵਸ਼ਾਲੀ ਸ਼ੈਲੀ ਨਾਲ ਸੰਗਤਾਂ ਸਾਹਮਣੇ ਪੇਸ਼ ਕੀਤੀ। ਨਿਤਨੇਮ ਦੌਰਾਨ ਪੰ. ਯਾਦਵਿੰਦਰ ਸਿੰਘ ਹੁਰਾਂ ਦਾ ਵਿਖਿਆਨ ਸੰਗਤਾਂ ਨੇ ਸਰਵਨ ਕੀਤਾ।

ਅੱਜ ਵਿਸ਼ੇਸ਼ ਤੌਰ ਤੇ ਸਤਿਗੁਰੂ ਜੀ ਦੇ ਦਰਸ਼ਨ ਕਰਨ ਸਾਬਕਾ ਪ੍ਰਧਾਨ ਬੀ.ਜੇ.ਪੀ. ਅਤੇ ਕੈਬਨਿਟ ਮੰਤਰੀ ਭਾਰਤ ਸਰਕਾਰ ਜੇ.ਪੀ. ਨੱਢਾ ਖਾਸ ਤੌਰ ਤੇ ਪੁੱਜੇ। ਹੋਰ ਕਈ ਪਤਵੰਤੇ ਸੱਜਣ ਉਹਨਾਂ ਨਾਲ ਪਹੁੰਚੇ। ਸ੍ਰੀ ਸ਼ਿਆਮ ਸਿੰਘ ਰਾਣਾ ਮੰਤਰੀ ਖੇਤੀਬਾੜੀ ਅਤੇ ਪਸ਼ੂ ਪਾਲਣ ਹਰਿਆਣਾ ਸਰਕਾਰ ਨੇ ਮਾਇਕ ਤੇ ਆ ਕੇ ਸਤਿਗੁਰੂ ਜੀ ਦਾ ਇਸ ਇਲਾਕੇ ਵਿਚ ਮੇਲਾ ਕਰਨ ਤੇ ਬਹੁਤ ਧੰਨਵਾਦ ਕੀਤਾ। ਜੇ.ਪੀ. ਨੱਢਾ ਹੁਰਾਂ ਨੇ ਨਾਮਧਾਰੀ ਸਮਾਜ ਵਲੋਂ ਕੀਤੀਆਂ ਕੁਰਬਾਨੀਆਂ ਨੂੰ ਸਿਰ ਨਿਵਾਦਿਆ। ਨਾਮਧਾਰੀ ਸਮਾਜ ਵਲੋਂ ਕੀਤੇ ਜਾ ਰਹੇ ਧਾਰਮਿਕ ਅਤੇ ਸਮਾਜਿਕ ਗਤੀਵਿਧੀਆਂ ਨੂੰ ਬਹੁਤ ਸਹਿਰਾਇਆਂ ਸਤਿਗੁਰੂ ਉਦੇ ਸਿੰਘ ਜੀ ਨੇ ਬਾਹਰੋਂ ਆਏ ਸਾਰੇ ਪਤਵੰਤੇ ਸੱਜਣਾ ਨੂੰ ਸਿਰੋਪਾਓ ਦੇ ਕੇ ਨਿਵਾਜਿਆ। **ਸ੍ਰੀ ਸਤਿਗੁਰੂ ਜੀ ਨੇ ਸੰਗਤਾਂ ਨੂੰ ਸੰਬੋਧਨ ਹੋਏ ਆਏ ਪਤਵੰਤੇ ਸੱਜਣਾਂ ਨੂੰ ਜੀ ਆਇਆ ਆਖਿਆ ਓਥੇ ਦੇਸ਼ ਵਿਚ ਏਕਤਾ ਅਤੇ ਸਦਭਾਵਨਾ ਲਈ ਯਤਨ ਕਰਦੇ ਰਹਿਣ ਲਈ ਉਪਦੇਸ਼ ਦਿੱਤਾ।**

**ਕੀਰਤਨ–** ਰਾਗੀ ਹਰਬੰਸ ਸਿੰਘ ਘੁੱਲਾ, ਕਿਰਪਾਲ ਸਿੰਘ, ਹਰਵਿੰਦਰ ਸਿੰਘ, ਸਤਨਾਮ ਸਿੰਘ, ਅਜੇਪਾਲ ਸਿੰਘ, ਬਸੰਤ ਸਿੰਘ ਹੁਰਾਂ ਨੇ ਜਥੇ ਵਲੋਂ ਕੀਤਾ ਗਿਆ। ਪਿਰ ਦੇਖਨ ਕੀ ਆਸ ਸ਼ਬਦ ਨਾਲ ਸ਼ੁਰੂਆਤ ਕੀਤੀ ਗਈ ਅਤੇ ਕਾਲੀ ਕੋਇਲ ਤੂ ਕਿਤ ਗੁਨ ਕਾਲੀ ਨਾਲ ਸਮਾਪਤੀ ਕੀਤੀ ਗਈ।

**ਕਵੀ ਦਰਬਾਰ–** ਸ਼ਾਮ ਨੂੰ ਕਵੀ ਦਰਬਾਰ ਨਾਲ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ ਗਈ। 55 ਦੇ ਕਰੀਬ ਕਵੀਆਂ ਨੇ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ ਸਟੇਜ ਸਕੱਤਰਤਾ ਪ੍ਰਧਾਨ ਗੁਰਸੇਵਕ ਸਿੰਘ ਹੁਰਾਂ ਨੇ ਕੀਤੀ। ਕਵੀ ਦਰਬਾਰ ਦੀ ਪ੍ਰਧਾਨਗੀ ਸੂਬਾ ਬਲਵਿੰਦਰ ਸਿੰਘ ਝੱਲ, ਪ੍ਰਧਾਨ ਲਖਵਿੰਦਰ ਸਿੰਘ ਬਾਜਵਾ, ਬਲਦੇਵ ਸਿੰਘ ਬਾਜਵਾ ਨੇ ਕੀਤੀ।

**ਸੁਖਨਵਰ ਮੰਚ ਪਟਿਆਲਾ ਵਲੋਂ ਇਕ ਬੇਹਤਰੀਨ ਨਾਟਕ 'ਤਿਲਕ ਜੰਞੂ ਰਾਖਾ ਪ੍ਰਭ ਤਾਕਾ' ਬਹੁਤ ਹੀ ਸੁਝੱਜੇ ਢੰਗ ਨਾਲ ਪੇਸ਼ ਕੀਤਾ ਗਿਆ। ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸ਼ਹੀਦੀ ਪੁਰਬ ਨੂੰ ਸਮਰਪਿਤ ਇਹ ਨਾਟਕ ਦਰਸ਼ਕਾਂ ਦੇ ਦਿਲਾਂ ਤੇ ਅਮਿੱਟ ਛਾਪ ਛੱਡ ਗਿਆ।**

**7 ਮਾਰਚ–** ਸਵੇਰੇ ਆਸਾ ਦੀ ਵਾਰ ਦਾ ਕੀਰਤਨ ਰਾਗੀ ਬਲਵੰਤ ਸਿੰਘ, ਕਿਰਪਾਲ ਸਿੰਘ, ਹਰਪ੍ਰੀਤ ਸਿੰਘ, ਹਰਵਿੰਦਰ ਸਿੰਘ, ਗੁਰਦਿੱਤ ਸਿੰਘ, ਹਰਨਾਮ ਸਿੰਘ, ਬਸੰਤ ਸਿੰਘ, ਸਤਨਾਮ ਸਿੰਘ ਦੇ ਜਥੇ ਵਲੋਂ ਕੀਤਾ ਗਿਆ। ਆਸਾ ਦੀ ਵਾਰ ਤੋਂ ਬਾਅਦ ਸੇਵਕ ਹਰਪਾਲ ਸਿੰਘ ਹੁਰੀਂ ਸੰਗਤਾਂ ਨੂੰ ਸੰਬੋਧਨ ਹੋਏ–

ਸੇਵਕ ਹਰਪਾਲ ਸਿੰਘ ਜੀ ਦੁਆਰਾ ਸਤਿਗੁਰ ਜਗਜੀਤ ਸਿੰਘ ਦੇ ਜੀਵਨ ਨਾਲ ਸੰਬੰਧਿਤ ਵੱਖ-ਵੱਖ ਸਾਖੀਆਂ ਦਾ ਵਰਣਨ ਕੀਤਾ ਗਿਆ। ਉਹਨਾਂ ਦੱਸਿਆ ਕਿ ਜੋ ਸ਼ਖ਼ਸੀਅਤਾਂ ਪੰਥ ਨਾਲੋਂ ਦੂਰ ਹੋ ਗਈਆਂ ਸਨ ਉਹਨਾਂ ਨੂੰ ਦੁਬਾਰਾ ਪੰਥ ਦੇ ਲੜ ਲਾਉਣ ਲਈ ਸਤਿਗੁਰ ਜਗਜੀਤ ਸਿੰਘ ਨੇ ਹਰ ਸੰਭਵ ਯਤਨ ਕੀਤੇ। ਉਹਨਾਂ ਦੱਸਿਆ ਕਿ ਸੁਵਰਨ ਸਿੰਘ ਵਿਰਕ ਜੀ ਨੂੰ ਕਿਸ ਤਰ੍ਹਾਂ ਸਤਿਗੁਰਾਂ ਆਪਣੀ ਬਖਸ਼ਿਸ ਨਾਲ ਪੰਥ ਨਾਲ ਮੁੜ ਤੋਂ ਜੋੜਿਆ। ਇਸੇ ਤਰ੍ਹਾਂ ਬਲਦੇਵ ਸਿੰਘ ਜੀ ਜਿਹਨਾਂ ਇਸ ਵਾਰ ਦੇ ਹੋਲੇ ਦੀ ਸੇਵਾ ਲਈ ਸੀ। ਬਲਦੇਵ ਸਿੰਘ ਜੀ ਵੀ 8 ਸਾਲ ਗੁਰੂ ਘਰ ਤੋਂ ਦੂਰ ਰਹੇ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਦੀ ਕ੍ਰਿਪਾ ਨਾਲ ਮੁੜ ਤੋਂ ਪੰਥ ਵਿੱਚ ਸ਼ਾਮਲ ਹੋਏ।

**ਦਿਨ ਦੇ ਦੀਵਾਨ–** ਦਿਵਾਨਾਂ ਦੀ ਸ਼ੁਰੂਆਤ ਜਥੇ. ਸੁਰਿੰਦਰ ਸਿੰਘ ਸ੍ਰੀ ਭੈਣੀ ਸਾਹਿਬ ਨੇ ਕੀਤੀ ਅਤੇ ਉਹਨਾਂ ਉਪਰੰਤ ਜਥੇ. ਦਵਿੰਦਰ ਸਿੰਘ ਮੁਹਾਲੀ ਨੇ ਦੀਵਾਨ ਸਜਾਇਆ। ਜ. ਆਸਾ ਸਿੰਘ ਸ੍ਰੀ ਭੈਣੀ ਸਾਹਿਬ ਨੇ ਸਤਿਗੁਰੂ ਉਦੇ ਸਿੰਘ ਜੀ ਦੀਆਂ ਬਖਸ਼ਿਸ਼ਾਂ ਦਾ ਗੁਣਗਾਨ ਕੀਤਾ। ਸੂਬਾ ਸੁਰਿੰਦਰ ਸਿੰਘ ਗੁਣਾ ਹੁਰਾਂ ਨੇ 'ਜਗਤ ਜਲੰਦਾ ਰੱਖ ਲੈ ਟੇਕ ਲੈ' ਕੇ ਦੀਵਾਨ ਦੀ ਸ਼ੁਰੂਆਤ ਕੀਤੀ। ਸਤਿਗੁਰੂ ਦੇ ਦਰਸ਼ਨ ਅਤੇ ਨਾਮ ਨਾਲ ਮਨ ਦੀ ਅਗਨੀ ਨੂੰ ਕਿਵੇਂ ਸ਼ਾਂਤ ਕੀਤਾ ਜਾ ਸਕਦਾ ਇਹ ਵਿਚਾਰ ਸੰਗਤਾਂ ਨਾਲ ਸਾਂਝੇ ਕੀਤੇ। ਕਵੀਸ਼ਰ ਗੁਰਸੇਵਕ ਸਿੰਘ ਹੁਰਾਂ ਦੇ ਕਵੀਸ਼ਰੀ ਰੂਪ ਵਿਚ ਸਤਿਗੁਰੂ ਬਾਲਕ ਸਿੰਘ ਜੀ ਦੇ ਸਿੱਖ ਰਾਮ ਸਹਾਏ ਦਾ ਪ੍ਰਸੰਗ ਸੰਗਤਾਂ ਸਾਮਹਣੇ ਪੇਸ਼ ਕੀਤਾ। ਸੰਤ ਨਿਸ਼ਾਨ ਸਿੰਘ ਹੁਰਾਂ ਨੇ ਸਿੱਖ ਦੇ ਵਿਚ ਆਪਣੇ ਗੁਰੂ ਅਤੇ ਗੁਰਸਿੱਖੀ ਦਾ ਰੰਗ ਕਿੰਨ੍ਹਾ ਗੂੜਾ ਹੋਣਾ ਚਾਹੀਦਾ ਹੈ ਅਤੇ ਗੁਰੂ ਅਤੇ ਗੁਰਸਿੱਖੀ ਨਾਲ ਪ੍ਰੇਮ ਕਿੰਨਾ ਪੱਕਾ ਹੋਣਾ ਚਾਹੀਦਾ ਹੈ ਇਹ ਵਿਚਾਰ ਸੰਗਤਾਂ ਨਾਲ ਕੀਤੇ। ਨਿਤਨੇਮ ਦੌਰਾਨ ਸੰਗਤਾਂ ਨੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਉਪਦੇਸ਼ ਸਰਵਨ ਕੀਤੇ।

**ਸਨਮਾਨ ਸਮਰੋਹ–** ਹਰ ਵਾਰ ਦੀ ਤਰ੍ਹਾਂ ਇਸ ਸਾਲ ਵੀ ਸਤਿਗੁਰੂ ਜੀ ਵਲੋਂ ਵੱਖ-ਵੱਖ ਖੇਤਰਾਂ ਵਿਚ ਸੇਵਾਵਾਂ ਨਿਭਾਉਣ ਵਾਲੀਆਂ ਸ਼ਖ਼ਸੀਅਤਾਂ ਦਾ ਸਨਮਾਨ ਕੀਤਾ ਗਿਆ।

**ਮਾਸਟਰ ਨਿਹਾਲ ਸਿੰਘ ਯਾਦਗਾਰੀ ਸਨਮਾਨ–** ਇਹ ਸਨਮਾਨ ਮਾਸਟਰ ਨਿਹਾਲ ਸਿੰਘ ਜੀ ਦੇ ਪਰਿਵਾਰ ਸ. ਤਰਨਜੀਤ ਸਿੰਘ ਅਤੇ ਸ. ਮਨਮੋਹਨ ਸਿੰਘ ਵਲੋਂ ਹਰ ਸਾਲ ਦਿੱਤਾ ਜਾਂਦਾ ਹੈ। ਇਸ ਸਾਲ ਦਾ ਇਹ ਸਨਮਾਨ ਕਥਾਵਾਚਕ **ਸੰਤ ਨਿਸ਼ਾਨ ਸਿੰਘ** ਹੁਰਾਂ ਨੂੰ ਸਤਿਗੁਰੂ ਜੀ ਵਲੋਂ ਬਖਸ਼ਿਸ਼ ਕੀਤਾ ਗਿਆ। ਇਸ ਵਾਰ ਇਸ ਸਨਮਾਨ ਦੇ 25 ਸਾਲ ਪੂਰੇ ਹੋਏ। ਸੰਤ ਜੀ ਨੂੰ ਸਿੱਖੀ ਅਤੇ ਗੁਰਬਾਣੀ ਦੇ ਪ੍ਰਚਾਰ ਪ੍ਰਸਾਰ ਅਤੇ ਨਾਮਧਾਰੀ ਫੁੱਲਵਾੜੀ ਦੇ ਬੱਚਿਆਂ ਨੂੰ ਸਿਖਲਾਈ ਵਿਚ ਨਿਭਾਈਆਂ ਵੱਡ ਮੁੱਲੀਆਂ ਸੇਵਾਵਾਂ ਲਈ ਪ੍ਰਦਾਨ ਕੀਤਾ ਗਿਆ।

**ਸੇਵਾ ਸਨਮਾਨ–** ਪ੍ਰਿੰ. ਸਤਵੰਤ ਕੌਰ ਹੁਰਾਂ ਦੇ ਸਿੱਖਿਆ ਖੇਤਰ ਵਿਚ ਨਿਭਾਈਆਂ ਸੇਵਾਵਾਂ ਨੂੰ ਮੁੱਖ ਰੱਖਦਿਆਂ ਸਤਿਗੁਰੂ ਜੀ ਵਲੋਂ ਸੇਵਾ ਸਨਮਾਨ ਨਾਲ ਨਿਵਾਜਿਆ ਗਿਆ। ਪ੍ਰਿੰ. ਸਤਵੰਤ ਕੌਰ ਸ਼ਹੀਦ ਬਿਸ਼ਨ ਸਿੰਘ ਮੈਮੋਰੀਅਲ ਸਕੂਲ ਵਿਚ ਅਧਿਆਪਕ ਤੋਂ ਲੈ ਕੇ ਮੁੱਖ ਅਧਿਆਪਕ ਤੱਕ ਦਾ ਸਫਰ ਬਹੁਤ ਮਿਹਨਤ ਅਤੇ ਲਗਨ ਨਾਲ ਪੂਰਾ ਕੀਤਾ। ਬੱਚਿਆਂ ਨੂੰ ਸਕੂਲੀ ਵਿਦਿਆ ਦੇ ਨਾਲ-

ਨਾਲ ਧਾਰਮਿਕ ਅਤੇ ਸਮਾਜਿਕ ਪੱਖ ਤੋਂ ਵੀ ਓਨ੍ਹਾਂ ਹੀ ਸਿਖਿਅਤ ਕੀਤਾ।

**ਸੇਵਾ ਸਨਮਾਨ–** ਕਿਰਪਾਲ ਸਿੰਘ ਚਾਨਾ ਯੂ.ਕੇ. ਨਿਵਾਸੀ ਜਿਨ੍ਹਾਂ ਨੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਨਾਮ ਤੇ ਈ-ਲਾਇਬ੍ਰੇਰੀ ਸ਼ੁਰੂ ਕਰਕੇ ਹਜ਼ਾਰਾ ਪੁਰਾਤਨ ਨਵੀਆਂ ਕਿਤਾਬਾਂ ਅਤੇ ਰਿਕਾਂਡਿੰਗ ਸਾਂਭ ਕੇ ਰੱਖੀਆਂ ਅਤੇ ਇੰਟਰਨੈਟ ਰਾਹੀਂ ਹਰ ਇਕ ਦੀ ਪਹੁੰਚ ਵਿਚ ਕੀਤੀਆਂ। ਮਾਸਟਰ ਦਰਸ਼ਨ ਸਿੰਘ ਜੀ ਦੀ ਮਧੁਰ ਅਵਾਜ਼ ਵਿਚ ਸੰਪੂਰਨ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਦਸਮ ਗੁਰੂ ਗ੍ਰੰਥ ਸਾਹਿਬ ਦੀਆਂ ਰਿਕਾਡਿਗ ਵੀ ਚਾਨਾ ਜੀ ਨੇ ਹੀ ਸਤਿਗੁਰੂ ਜੀ ਦੀ ਕਿਰਪਾ ਨਾਲ ਕੀਤੀ ਹੈ। ਇਹਨਾਂ ਵਡਮੁੱਲੀਆਂ ਸੇਵਾਵਾਂ ਨੂੰ ਵੇਖਦੇ ਹੋਏ ਸਤਿਗੁਰੂ ਜੀ ਵਲੋਂ ਸੇਵਾ ਸਨਮਾਨ ਨਾਲ ਚਾਨਾ ਜੀ ਨੂੰ ਸਨਮਾਨਿਤ ਕੀਤਾ ਗਿਆ।

**ਸੂਬਾ ਕਰਤਾਰ ਸਿੰਘ ਯਾਦਗਾਰੀ ਸਨਮਾਨ–** ਸੂਬਾ ਕਰਤਾਰ ਸਿੰਘ ਯਾਦਗਾਰੀ ਸਨਮਾਨ ਹਰ ਸਾਲ ਉਹਨਾਂ ਦੇ ਸਪੁੱਤਰਾਂ ਨਿਸ਼ਾਨ ਸਿੰਘ ਅਤੇ ਗੁਰਨਾਮ ਸਿੰਘ ਵਲੋਂ ਦਿੱਤਾ ਜਾਂਦਾ ਹੈ। ਇਸ ਵਾਰ ਦਾ ਸਨਮਾਨ ਸੇਵਕ ਹਰਪਾਲ ਸਿੰਘ ਹੁਰਾਂ ਨੂੰ ਦਿੱਤਾ ਗਿਆ।

**ਸੰਤੋਖ ਸਿੰਘ ਬਾਹੋਵਾਲ ਸਨਮਾਨ–** ਇਤਿਹਾਸ ਖੋਜ ਕਾਰਜਾਂ ਵਿਚ ਨਿਭਾਈਆਂ ਸੇਵਾਵਾਂ ਨੂੰ ਧਿਆਨ ਵਿਚ ਰੱਖਦਿਆਂ ਡਾ. ਧਰਮ ਸਿੰਘ ਹੁਰਾਂ ਨੂੰ ਸੰਤ ਸੰਤੋਖ ਸਿੰਘ ਬਾਹੋਵਾਲ ਸਨਮਾਨ ਨਾਲ ਸਤਿਗੁਰੂ ਜੀ ਵਲੋਂ ਸਨਮਾਨਿਤ ਕੀਤਾ ਗਿਆ। ਡਾ. ਧਰਮ ਸਿੰਘ ਨੇ ਬੋਲਦਿਆਂ ਕਿਹਾ ਮੈਂ ਲੰਬੇ ਸਮੇਂ ਤੋਂ ਨਾਮਧਾਰੀ ਦਰਬਾਰ ਨਾਲ ਜੁੜਿਆ ਹੋਇਆ ਹਾਂ। ਸਤਿਗੁਰੂ ਜੀ ਕਿਰਪਾ ਕਰਕੇ ਮੈਨੂੰ ਨਿਵਾਜਦੇ ਹਨ। ਮੇਰੀਆਂ ਲਿਖਤਾਂ ਨਾਮਧਾਰੀ ਸਾਹਿਤ ਇਤਿਹਾਸ ਨਾਲ ਜੁੜੀਆਂ ਵੱਖ-ਵੱਖ ਪਰਚਿਆਂ ਵਿਚ ਛਪਦੀਆਂ ਰਹੀਆਂ ਹਨ। ਮੈਂ ਸਤਿਗੁਰੂ ਜੀ ਅੱਗੇ ਬੇਨਤੀ ਕਰਾਂਗਾ ਗਿਆਨੀ ਕਾਲਾ ਸਿੰਘ ਦੀਆਂ ਲਿਖਤਾਂ ਨੂੰ ਮੁੜ ਪ੍ਰਕਾਸ਼ਿਤ ਕਰੋ ਉਹ ਪੰਜਾਬੀ ਸਾਹਿਤ ਦੇ ਮੁੱਢਲੇ ਖਜਾਨੇ ਹਨ। ਮੈਂ ਸਤਿਗੁਰੂ ਦਾ ਸੰਗਤ ਦਾ ਬਹੁਤ ਬਹੁਤ ਧਮਨਵਾਦ ਕਰਦਾ ਹਾਂ। ਅੱਜ ਦਾ ਕੀਰਤਨ ਰਾਗੀ ਬਲਵੰਤ ਸਿੰਘ, ਕਿਰਪਾਲ ਸਿੰਘ, ਹਰਵਿੰਦਰ ਸਿੰਘ, ਹਰਪ੍ਰੀਤ ਸਿੰਘ, ਹਰਨਾਮ ਸਿੰਘ, ਸਤਨਾਮ ਸਿੰਘ, ਬਸੰਤ ਸਿੰਘ ਦੇ ਜਥੇ ਵਲੋਂ ਕੀਤਾ ਗਿਆ। ਰਾਗੀ ਸਿੰਘਾਂ ਨੇ ਹਰਿ ਕੀਆ ਕਥਾ ਕਹਾਣੀਆ ਗੁਰਮੀਤ ਸੁਣਾਈਆ ਸ਼ਬਦ ਨਾਲ ਸ਼ੁਰੂਆਤ ਕੀਤੀ। ਤੇਰੇ ਦਰਸਨ ਵਿਟਹੁ ਖੰਨੀਐ ਸ਼ਬਦ ਨਾਲ ਸਮਾਪਤੀ ਕੀਤੀ ਗਈ।

**ਸ਼ਾਮ ਦੇ ਦੀਵਾਨ–** ਸ਼ਾਮ ਦੇ ਦੀਵਾਨ ਦੀ ਸ਼ੁਰੂਆਤ ਜਸਬੀਰ ਸਿੰਘ ਖਿਆਲਾ ਨੇ ਕੀਤੀ। ਜ. ਨਿਸ਼ਾਨ ਸਿੰਘ ਦਿੱਲੀ ਵਾਲਿਆਂ ਨੇ ਦੇਸ਼ ਬਟਵਾਰੇ ਵੇਲੇ ਸਤਿਗੁਰੂ ਪ੍ਰਤਾਪ ਸਿੰਘ ਵਲੋਂ ਸਿੱਖਾਂ ਦੇ ਸਾਂਭ ਸੰਭਾਲ ਲਈ ਕੀਤੇ ਯਤਨਾਂ ਦਾ ਇਤਿਹਾਸ ਸੁਣਾਇਆ। ਜ. ਕਮਾਲ ਸਿੰਘ ਹੁਰਾਂ ਨੇ ਸਤਿਗੁਰੂ ਬਾਲਕ ਸਿੰਘ ਜੀ ਦੁਆਰਾ ਧਨੀ ਰਾਮ ਅਤੇ ਸਿੱਖਾਂ ਤੇ ਕੀਤੀਆਂ ਬਖਸ਼ਿਸ਼ਾਂ ਦਾ ਗੁਣਗਾਨ ਕੀਤਾ। ਜਥੇ. ਗੁਰਬਚਨ ਸਿੰਘ ਹੁਰਾਂ ਨੇ ਸਤਿਗੁਰੂ ਪ੍ਰਤਾਪ ਸਿੰਘ ਦੇ ਪ੍ਰਕਾਸ਼ ਅਤੇ ਨਿਹੰਗ ਸਿੰਘ ਨੂੰ ਦਰਸ਼ਨ ਦੇਣ ਦਾ ਇਤਿਹਾਸ ਸੁਣਾਇਆ। ਅੰਤਿਮ ਦੀਵਾਨ ਜ. ਹਰਪ੍ਰੀਤ ਸਿੰਘ ਪਾਣੀਪਤ ਹੁਣਾ ਨੇ ਸਜਾ ਕੇ ਸਮਾਪਤੀ ਕੀਤੀ।

**8 ਮਾਰਚ–** ਆਸਾ ਦੀ ਵਾਰ ਦੀ ਕੀਰਤਨ ਰਾਗੀ ਹਰਬੰਸ ਸਿੰਘ ਘੁੱਲਾ, ਕਿਰਪਾਲ ਸਿੰਘ, ਸਤਨਾਮ ਸਿੰਘ, ਅਜੇਪਾਲ ਸਿੰਘ, ਬਸੰਤ ਸਿੰਘ, ਹਰਵਿੰਦਰ ਸਿੰਘ ਹੁਰਾਂ ਦੇ ਜਥੇ ਵਲੋਂ ਕੀਤਾ ਗਿਆ। ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਪਵਿੱਤਰ ਉਪਦੇਸ਼ ਦੇਣ ਦੀ ਕਿਰਪਾ ਕੀਤੀ।

ਇਕ ਲੜਕੇ ਲੜਕੀ ਦਾ ਆਨੰਦ ਕਾਰਜ ਹੋਇਆ ਸਾਧ ਸੰਗਤ ਵਲੋਂ ਸ੍ਰੀ ਗੁਰੂ ਆਦਿ ਗ੍ਰੰਥ ਸਾਹਿਬ ਦੇ 162 ਸਧਾਰਨ ਪਾਠ, ਸ੍ਰੀ ਦਸਮ ਗੁਰੂ ਗ੍ਰੰਥ ਸਾਹਿਬ ਦੇ 3 ਪਾਠ, ਭਜਨ, ਭਗੌਤੀਆਂ ਦੀਆ ਮਾਲਾਂ ਤੇ ਚੌਪਈ ਦੇ ਪਾਠ ਕੀਤੇ ਗਏ।

## ਹੋਲੇ ਮਹੱਲੇ ਦੀ ਸੇਵਾ

ਇਸ ਵਾਰ ਦਾ ਹੋਲੇ ਮਹੱਲੇ ਦੀ ਸੇਵਾ ਸ. ਬਲਦੇਵ ਸਿੰਘ ਬਾਜਵਾ ਦੇ ਪਰਿਵਾਰ ਵਲੋਂ ਹੋਇਆ ਅਗਲਾ ਹੋਲਾ ਸ. ਰਣਜੀਤ ਸਿੰਘ ਡਰਬੀ ਵਲੋਂ ਹੋਵੇਗਾ।

**ਲੰਗਰ ਸੇਵਾ–** ਸ੍ਰੀ ਮਾਤਾ ਗੁਰਸ਼ਰਨ ਕੌਰ ਜੀ ਦੀ ਅਗਵਾਈ ਵਿਚ ਸਾਰੇ ਦਿਨਾਂ ਵਿਚ ਵੱਖ-ਵੱਖ ਪਦਾਰਥ ਗੁਰੂ ਕੇ ਲੰਗਰ ਵਿਚ ਅਤੁੱਟ ਵਰਤਦੇ ਰਹੇ। ਗੰਨੇ ਦੇ ਰਸ ਦਾ ਲੰਗਰ ਹਰ ਵਾਰ ਦੀ ਤਰ੍ਹਾਂ ਦੁਆਬੇ ਦੀ ਸੰਗਤ ਵਲੋਂ ਲਗਾਇਆ ਗਿਆ।

**ਜੋੜਾ ਘਰ ਦੀ ਸੇਵਾ–** ਜੋੜ ਘਰ ਦੀ ਸੇਵਾ ਹਰ ਵਾਰ ਦੀ ਤਰ੍ਹਾਂ ਦਿੱਲੀ ਨਾਮਧਾਰੀ ਸੰਗਤ ਵਲੋਂ ਤਨ ਦੇਹੀ ਨਾਲ ਨਿਭਾਈ ਗਈ।

**ਸਾਊਂਡ ਤੇ ਵਿਡੀਓਗ੍ਰਾਫੀ–** ਸਾਊਂਡ ਅਤੇ ਵਿਡਓਗ੍ਰਾਫੀ ਲਈ ਕਰਨਪਾਲ ਸਿੰਘ, ਸੂਰਤਪਾਲ ਸਿੰਘ ਤੇ ਬੰਤਾ ਸਿੰਘ ਦੀ ਟੀਮ ਹਮੇਸ਼ਾ ਤੱਤਪਰ ਰਹੀ ਤੇ ਇਸ ਇਤਿਹਾਸਿਕ ਹੋਲੇ ਮਹੱਲੇ ਨੂੰ ਕੈਮਰਿਆਂ ਵਿਚ ਕੈਦ ਕੀਤਾ।

**ਸਕਿਓਰਟੀ ਅਤੇ ਪਾਰਕਿੰਗ–** ਇਲਾਕੇ ਦੇ ਨੌਜਵਾਨਾਂ ਨੇ ਬਹੁਤ ਹੀ ਸੁਝੱਜੇ ਢੰਗ ਨਾਲ ਹਰ ਪਾਸੇ ਨਿਗਰਾਨੀ ਰੱਖੀ ਅਤੇ ਸਤਿਗੁਰੂ ਜੀ ਦੀ ਕਿਰਪਾ ਨਾਲ ਸਾਰਾ ਦਿਨ ਤੇ ਰਾਤ ਸਿਕਓਰਟੀ ਅਤੇ ਪਾਰਕਿੰਗ ਵਿਚ ਨੌਜਵਾਨ ਸੇਵਾ ਕਰਦੇ ਰਹੇ।

**ਸਟੇਜ–** ਦਿਵਾਨਾਂ ਅਤੇ ਸਟੇਜ ਦੀ ਕਾਰਗੁਜਾਰੀ ਸੰਤ ਨਿਸ਼ਾਨ ਸਿੰਘ ਹੁਰਾਂ ਦੀ ਅਗਵਾਈ ਵਿਚ ਜ. ਨਿਸ਼ਾਨ ਸਿੰਘ ਦਿੱਲੀ ਅਤੇ ਗੁਰਭਗਤ ਸਿੰਘ ਵਲੋਂ ਨਿਭਾਈ ਗਈ।

**ਅੰਕ ਰਿਲੀਜ਼–** ਇਸ ਵਰੇ ਦਾ ਸਤਿਜੁਗ ਦਾ ਸਲਾਕਾ ਅੰਕ ਜੋ ਕਿ ਸਤਿਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੂੰ ਸਮਰਪਿਤ ਸੀ। ਗੁਰਲਾਲ ਸਿੰਘ ਅਤੇ ਜਥੇ. ਨਿਸ਼ਾਨ ਸਿੰਘ ਹੁਰਾਂ ਨੇ ਸਤਿਗੁਰੂ ਜੀ ਭੇਂਟ ਕੀਤਾ ਤੇ ਸਤਿਗੁਰੂ ਜੀ ਸੰਗਤ ਲਈ ਰਿਲੀਜ਼ ਕੀਤਾ। ਵਰਿਆਮ ਦਾ ਅੰਕ ਬੀਬੀ ਰਾਜਵੰਤ ਕੌਰ ਅਤੇ ਵਰਤਮਾਨ ਹਿੰਦੂਸਤਾਨ ਦਾ ਅੰਕ ਸਰਵ ਸ਼ਕਤੀਮਾਨ ਹੁਰਾਂ ਨੇ ਸਤਿਗੁਰੂ ਜੀ ਨੂੰ ਭੇਂਟ ਕੀਤਾ।

**ਸਤਿਜੁਗ, ਵਰਿਆਮ ਅਤੇ ਵਰਤਮਾਨ ਹਿੰਦੋਸਤਾਨ–** ਪਾਠਕਾਂ ਲਈ ਧਾਰਮਿਕ ਅਤੇ ਸਿੱਖਿਆਦਾਇਕ ਸਮੱਗਰੀ ਲੈ ਕੇ ਸਤਿਜੁਗ ਟੀਮ ਗੁਰਲਾਲ ਸਿੰਘ ਦੀ ਅਗਵਾਈ ਵਿਚ ਸਟਾਲ ਤੇ ਹਾਜ਼ਰ ਰਹੀ। ਵਰਿਆਮ ਅਤੇ ਵਰਤਮਾਨ ਹਿੰਦੋਸਤਾਨ ਦੇ ਨੁਮਾਇੰਦੇ ਵੀ ਆਪਣੇ–ਆਪਣੇ ਸਟਾਲ ਤੇ ਹਾਜਰ ਰਹੇ।

**ਟੈਂਟ ਸਾਫ ਸਫਾਈ ਤੇ ਹੋਰ ਸੇਵਾਵਾਂ–** ਸੇਵਕ ਆਸਾ ਸਿੰਘ ਅਤੇ ਚੇਅਰਮੈਨ ਗੁਰਪ੍ਰੀਤ ਸਿੰਘ ਅਤੇ ਉਹਨਾਂ ਦੀ ਟੀਮ ਕਾਫੀ ਸਮਾਂ ਪਹਿਲਾਂ ਤੋਂ ਆ ਕੇ ਪ੍ਰਬੰਧ ਸਾਂਭ ਰਹੀ ਸੀ ਮੇਲੇ ਦੌਰਾਨ ਵੀ ਹਰ ਕਿਸੇ ਤਰ੍ਹਾਂ ਦੀ ਜ਼ਰੂਰਤ ਸਾਫ ਸਫਾਈ ਅਤੇ ਸਾਂਭ ਸੰਭਾਲ ਦਾ ਪੂਰਾ ਧਿਆਨ ਰੱਖਿਆ ਗਿਆ।

**ਸੰਪਾਦਕ**

.......................................................

## ਤੂਰ ਫਾਰਮ ਵਿਖੇ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ

ਹਰ ਸਾਲ ਦੀ ਤਰ੍ਹਾਂ ਸ. ਸਵਰਨ ਸਿੰਘ ਇੰਗਲੈਂਡ ਨਿਵਾਸੀ ਵਲੋਂ ਆਪਣੇ ਫਾਰਮ ਹਾਊਸ ਤੂਰ ਫਾਰਮ ਵਿਖੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਕਾਸ਼ ਪੁਰਬ ਸਬੰਧੀ ਬਸੰਤ ਦਾ ਮੇਲਾ ਮਨਾਉਂਦੇ ਹੋਏ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਇਕ ਅਖੰਡ ਪਾਠ ਦਾ ਭੋਗ ਪਾਇਆ ਗਿਆ। ਭੋਗ ਉਪਰੰਤ ਜ. ਗੁਰਲਾਲ ਸਿੰਘ ਭੈਣੀ ਸਾਹਿਬ ਨੇ ਆਪਣੇ ਜੱਥੇ ਸਮੇਤ ਦੀਵਾਨ ਸਜਾਇਆ। ਪ੍ਰੋ. ਗੁਰਦੀਪ ਸਿੰਘ ਮੋਰੋ ਨੇ ਲੜਕੇ ਮਹਾਂ ਸਿੰਘ ਪੁੱਤਰ ਮਨੋਹਰ ਸਿੰਘ ਨਾਲ ਗੁਰਬਾਣੀ ਦਾ ਸ਼ਬਦ ਗਾਇਨ ਕੀਤਾ ਸ਼ਬਦ ਸੀ "ਐਸੇ ਗੁਰ ਕਉ ਬਲ ਬਲ ਜਾਈਐ" ਪ੍ਰਸ਼ਾਦ ਪਾਣੀ ਛਕ ਕੇ ਵਾਪਸੀ ਕਰਦੇ ਹੋਏ ਪਿੰਡ ਅੱਟੀ ਵਿਖੇ ਸ. ਦਵਿੰਦਰ ਸਿੰਘ ਪੁੱਤਰ ਕਰਮ ਸਿੰਘ, ਬਿੰਦਰ ਸਿੰਘ ਪੁੱਤਰ ਬਲਦੇਵ ਸਿੰਘ, ਅਜੈਬ ਸਿੰਘ ਪੁੱਤਰ ਸਵਰਨ ਸਿੰਘ ਤੇ ਕੁਲਦੀਪ ਸਿੰਘ ਪੁੱਤਰ ਸਵਰਨ ਸਿੰਘ ਦੇ ਘਰ ਚਰਨ ਪਾਉਣ ਦੀ ਕਿਰਪਾ ਕੀਤੀ। ਪਿੰਡ ਨਗਰ ਵਿਖੇ ਸ. ਸਰਦਾਰਾ ਸਿੰਘ ਪੁੱਤਰ ਨਰਿੰਜਨ ਸਿੰਘ ਨੂੰ ਦਰਸ਼ਨ ਦੇ ਕੇ ਨਿਵਾਜਿਆ।

**ਸੂਬਾ ਬਲਵਿੰਦਰ ਸਿੰਘ ਝੱਲ**

.......................................................

## ਸ਼ੋਕ ਸੰਦੇਸ਼

ਸੁਰਗਵਾਸੀ ਸ੍ਰੀ ਮਾਨ ਪ੍ਰੀਤਮ ਸਿੰਘ ਜੀ ਕਵੀ ਕਿਸੇ ਜਾਨ ਪਛਾਣ ਦੇ ਮੁਥਾਜ ਨਹੀਂ ਹਨ, ਜਦੋਂ 1958 ਵਿੱਚ ਨਾਮਧਾਰੀ ਪੰਜਾਬੀ ਸਹਿਤ ਸਭਾ ਹੋਂਦ ਵਿੱਚ ਆਈ ਕਵੀ ਜੀ ਸਭਾ ਦੇ ਪਹਿਲੇ ਜਨਰਲ ਸੈਕਟਰੀ ਬਣੇ ਅਤੇ ਸਭਾ ਨੂੰ ਬੜੇ ਸੁਚੱਜੇ ਢੰਗ ਨਾਲ ਚਲਾਇਆ ਜੋ ਅੱਜ ਤੱਕ ਨਿਰੰਤਰ ਚਲੀ ਆ ਰਹੀ ਹੈ ਕਵੀ ਜੀ ਤਕਰੀਬਨ 97 ਸਾਲ ਦੀ ਉਮਰ ਭੋਗ ਕੇ ਤੇ ਨਾਮਧਾਰੀ ਪੰਥ ਵਿੱਚ ਨਾਮ ਚਮਕਾ ਕੇ ਨਾਮਧਾਰੀ ਸਹਿਤ ਸਭਾ ਵਾਸਤੇ ਆਪਣੇ ਪਰਿਵਾਰ ਨੂੰ ਸਦੀਵੀ ਵਿਛੋੜਾ ਦੇ ਗਏ ਸਨ ਤੇ ਹੁਣ ਉਹਨਾਂ ਦੀ ਧਰਮ ਪਤਨੀ ਮਾਤਾ ਗੁਰਬਚਨ ਕੌਰ 100 ਸਾਲ ਤੋਂ ਇੱਕ ਮਹੀਨਾ ਘੱਟ ਉਮਰ ਭੋਗ ਕੇ 22 ਜਨਵਰੀ 2026 ਨੂੰ ਵਿਛੋੜਾ ਦੇ ਗਏ ਹਨ ਜਿਨਾਂ ਦਾ ਭੋਗ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਹਜੂਰੀ ਵਿੱਚ ਸ੍ਰੀ ਭੈਣੀ ਸਾਹਿਬ ਪਾਇਆ। ਸੋ ਨਾਮਧਾਰੀ ਪੰਜਾਬੀ ਸਹਿਤ ਸਭਾ ਸ੍ਰੀ ਜੀਵਨ ਨਗਰ ਮਾਤਾ ਜੀ ਨੂੰ ਸਰਧਾ ਸੁਮਨ ਭੇਟ ਕਰਦੀ ਹੋਈ ਅਤੇ ਕਾਮਨਾ ਕਰਦੀ ਹੈ ਕਿ ਮਾਤਾ ਜੀ ਨੂੰ ਸਤਿਗੁਰੂ ਜੀ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ਣ ਪਰਿਵਾਰ ਅਤੇ ਨਾਮਧਾਰੀ ਪੰਥ ਨਾਲ ਦੁੱਖ ਦਾ ਪ੍ਰਗਟਾਵਾ ਵੱਲੋਂ ਕਰਦੀ ਹੈ ਅਤੇ ਕਾਮਨਾ ਕਰਦੀ ਹੈ ਕਿ ਮਾਤਾ ਜੀ ਨੂੰ ਸਤਿਗੁਰੂ ਜੀ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ਣ ਅਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ। ਹਰਭਜਨ ਸਿੰਘ ਰਾਜਾ ਖਜਾਨਚੀ ਪੂਰਨ ਸਿੰਘ ਨਿਰਾਲਾ ਜਨਰਲ ਸੈਕਟਰੀ ਸਕੱਤਰ ਨਾਮਧਾਰੀ ਪੰਜਾਬੀ ਸਾਹਿਤ ਸਭਾ ਸ੍ਰੀ ਜੀਵਨ ਨਗਰ।

# ਸ੍ਰੀ ਸਤਿਗੁਰੂ ਜੀ ਦਾ ਉੱਤਰਾਖੰਡ ਅਤੇ ਉੱਤਰ ਪ੍ਰਦੇਸ਼ ਦੌਰਾ

**ਫਰਵਰੀ 2026**

ਸਿੱਖ ਪੰਥ ਦੀ ਪੁਰਤਾਨ ਪ੍ਰੰਪਰਾ ਹੈ ਕਿ ਸਿੱਖ ਧਰਮ ਦੇ ਬਾਨੀ ਸ੍ਰੀ ਸਤਿਗੁਰੂ ਨਾਨਕ ਦੇਵ ਜੀ ਨੇ ਚੜ੍ਹਿਆ ਸੋਧਨ ਧਰਤ ਲੁਕਾਈ ਭਾਈ ਗੁਰਦਾਸ ਦੇ ਕਥਨ ਮੁਤਾਬਿਕ ਅਲੱਗ-ਅਲੱਗ ਇਲਾਕਿਆਂ ਦਾ ਦੌਰਾ ਕਰਕੇ ਸੱਚ ਦਾ ਸੰਦੇਸ਼ ਲੋਕਾਂ ਤੱਕ ਪਹੁੰਚਾਇਆ। ਇਸੇ ਹੀ ਪ੍ਰੰਪਰਾ ਮੁਤਾਬਿਕ ਸਾਡੇ ਗੁਰੂ ਸਾਹਿਬਾਨ ਲੁਕਾਈ ਤੇ ਕ੍ਰਿਪਾ ਕਰਦੇ ਰਹੇ। ਵੱਖ-ਵੱਖ ਇਲਾਕਿਆਂ ਦੀ ਸਾਧ ਸੰਗਤ ਵੱਲੋਂ ਕੀਤੀ ਗਈ ਅਰਜ਼ ਬੇਨਤੀ ਪ੍ਰਵਾਨ ਕਰਦੇ ਹੋਏ ਨਾਮਧਾਰੀ ਪੰਥ ਦੇ ਮੌਜੂਦਾ ਗੱਦੀ ਨਸ਼ੀਨ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਗੁਰੂ ਨਾਨਕ ਦੇ ਸੰਦੇਸ਼ ਨੂੰ ਘਰ-ਘਰ ਪਹੁੰਚਾਉਣ ਦੀ ਕਿਰਪਾ ਕਰਦੇ ਹਨ। ਇਸੇ ਹੀ ਲੜੀ ਮੁਤਾਬਿਕ ਮਿਤੀ 26 ਜਨਵਰੀ 2026 ਦਿਨ ਸੋਮਵਾਰ ਨੂੰ ਸਵੇਰੇ 6:10 ਤੇ ਸ੍ਰੀ ਭੈਣੀ ਸਾਹਿਬ ਤੋਂ ਚੱਲ ਕੇ ਆਪਣੇ ਸਿੱਖਾਂ ਸੇਵਕਾਂ ਸਹਿਤ ਆਪਣੇ ਉੱਤਰਾਖੰਡ ਅਤੇ ਉੱਤਰਪ੍ਰਦੇਸ਼ ਦੌਰੇ ਦੀ ਅਰੰਭਤਾ ਕਰਦੇ ਹੋਏ ਅਰਦਾਸ ਕਰ ਚਾਲੇ ਪਾਏ। ਵਾਇਆ, ਅੰਬਾਲਾ, ਯਮੁਨਾਨਗਰ ਹੁੰਦੇ ਹੋਏ ਉਤਰਾਖੰਡ ਦੇ ਸ਼ਹਿਰ ਰੁੜਕੀ ਵਿਖੇ 9:40 ਤੇ ਪਹੁੰਚੇ ਤਾਂ ਸਭ ਤੋਂ ਪਹਿਲਾਂ ਸ. ਜੋਧ ਸਿੰਘ, ਗੁਰਮੀਤ ਸਿੰਘ ਪੁੱਤਰ ਸ. ਜਸਵੰਤ ਸਿੰਘ ਦੇ ਰੁੜਕੀ ਵਿਖੇ ਸਥਿਤ ਕਾਰੋਬਾਰੀ ਦਫ਼ਤਰ ਵਿਖੇ ਸ੍ਰੀ ਸਤਿਗੁਰੂ ਜੀ ਨੂੰ ਚਰਨ ਪਾਉਣ ਦੀ ਕਿਰਪਾ ਕੀਤੀ। ਰੁੜਕੀ ਸ਼ਹਿਰ ਵਿਖੇ ਸਥਿਤ ਸਿਵਲ ਲਾਈਨ ਵਿਖੇ ਸ. ਜੋਧ ਸਿੰਘ, ਗੁਰਮੀਤ ਸਿੰਘ ਪੁੱਤਰ ਸ. ਜਸਵੰਤ ਸਿੰਘ ਦੇ ਘਰ ਦਰਸ਼ਨ ਦਿੱਤੇ ਅਤੇ ਪ੍ਰਸ਼ਾਦਾ ਛਕਿਆ। ਦੇਹਰਾਦੂਨ ਤੇ ਸ. ਚਰਨਜੀਤ ਸਿੰਘ ਚੰਨੀ ਵੀ ਪਰਿਵਾਰ ਸਮੇਤ ਦਰਸ਼ਨ ਕਰਨ ਲਈ ਪਹੁੰਚੇ ਹੋਏ ਸਨ। ਸਾਰੇ ਹੀ ਪਰਿਵਾਰ ਨੇ ਸ਼ਰਧਾ ਅਤੇ ਸਤਿਕਾਰ ਸਹਿਤ ਆਈ ਸੰਗਤ ਦੀ ਸੇਵਾ ਕੀਤੀ। ਇਸ ਤੋਂ ਅੱਗੇ ਸ੍ਰੀ ਸਤਿਗੁਰੂ ਜੀ ਦੀਆਂ ਗੱਡੀਆਂ ਦਾ ਕਾਫਲਾ ਹਰਦੁਆਰ ਸਥਿਤ ਤੀਰਥ ਸਥਾਨ ਤੋਂ ਹੁੰਦਾ ਹੋਇਆ ਅੱਗੇ ਵਧਿਆ ਤਾਂ ਉੱਤਰਾਖੰਡ ਦੇ ਸੂਬਾ ਕ੍ਰਿਪਾਲ ਸਿੰਘ (ਬੱਬੂ) ਆਪਣੇ ਸਾਥੀਆਂ ਸਮੇਤ ਸ੍ਰੀ ਸਤਿਗੁਰੂ ਜੀ ਨੂੰ ਲੈਣ ਲਈ ਰਸਤੇ ਵਿਚ ਇੰਤਜਾਰ ਕਰ ਰਹੇ ਸਨ। ਸਭ ਤੋਂ ਪਹਿਲਾਂ ਜ਼ਿਲ੍ਹਾ ਬਿਜਨੌਰ ਦੀ ਤਹਿਸੀਲ ਨਜੀਬਾਬਾਦ ਦੇ ਪਿੰਡ ਜੱਟੀਵਾਲਾ ਫਾਰਮ ਤੇ ਸ੍ਰੀ ਸਤਿਗੁਰੂ ਜੀ ਨੇ ਦਰਸ਼ਨ ਦਿੱਤੇ ਜਿੱਥੇ ਸ. ਹਰਭਜਨ ਸਿੰਘ ਪੁੱਤਰ ਸ. ਮਾਨ ਸਿੰਘ ਦੇ ਘਰ ਚਰਨ ਪਾਉਣ ਸਮੇਂ ਜੱਥੇ. ਹਰਪਾਲ ਸਿੰਘ ਦੇ ਜੱਥੇ ਅਤੇ ਨਗਰ ਦੀ ਸਾਧ ਸੰਗਤ ਨੇ ਪੁਰਾਤਨ ਸ਼ੈਲੀ ਢੋਲਕੀ ਅਤੇ ਛੈਣਿਆਂ ਨਾਲ ਸ੍ਰੀ ਸਤਿਗੁਰੂ ਜੀ ਦੇ ਸੁਆਗਤ ਵਿੱਚ ਧਾਰਨਾ ਪੜ੍ਹੀ "ਅੱਜ ਦਿਨ ਭਾਗਾਂ ਵਾਲਾ ਚੜ੍ਹਿਆ, ਅੱਜ ਮੇਰਾ ਸਤਿਗੁਰ ਆਇਆ ਏ" ਜਿਕਰਯੋਗ ਹੈ ਕਿ ਗੁਰਗੱਦੀ ਤੇ ਸੁਭਾਇਮਾਨ ਹੋਣ ਉਪਰੰਤ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਪਹਿਲੀ ਵਾਰ ਇਸ ਨਗਰ ਵਿੱਚ ਦਰਸ਼ਨ ਦਿੱਤੇ ਹਨ ਅਤੇ ਚਰਨ ਪਾਉਣ ਦੀ ਕਿਰਪਾ ਕੀਤੀ ਹੈ। ਸ੍ਰੀ ਸਤਿਗੁਰੂ ਜੀ ਨੇ ਅੰਮ੍ਰਿਤਪਾਲ ਸਿੰਘ, ਸਤਪਾਲ ਸਿੰਘ ਪੁੱਤਰ ਸ. ਹਰਭਜਨ ਸਿੰਘ, ਸਮਸ਼ੇਰ ਸਿੰਘ ਪੁੱਤਰ ਜੋਗਿੰਦਰ ਸਿੰਘ, ਜੰਗੀਰ ਸਿੰਘ ਪੁੱਤਰ ਬਲਾਕਾ ਸਿੰਘ, ਪਰਮਜੀਤ ਸਿੰਘ ਪੁੱਤਰ ਬਲਾਕਾ ਸਿੰਘ, ਮੋਹਨ ਸਿੰਘ, ਚਮਕੌਰ ਸਿੰਘ ਪੁੱਤਰ ਜੈਮਲ ਸਿੰਘ, ਮਨਜਿੰਦਰ ਸਿੰਘ ਪੁੱਤਰ ਸਤਪਾਲ ਸਿੰਘ। ਇਥੋਂ ਹੀ ਬਣੀ ਨਾਮਧਾਰੀ ਧਰਮਸ਼ਾਲਾ ਜਿਸ ਨੂੰ ਨਾਮਧਾਰੀ ਗੁਰਦੁਆਰਾ ਵੀ ਆਖਦੇ ਹਨ ਵਿਖੇ ਸ੍ਰੀ ਸਤਿਗੁਰੂ ਜੀ ਨੇ ਚਰਨ ਪਾਉਣ ਦੀ ਕਿਰਪਾ ਕੀਤੀ। ਇਸ ਨਾਮਧਾਰੀ ਗੁਰਦੁਆਰੇ ਨੂੰ ਨਾਮਧਾਰੀ ਪੰਥ ਦੀ ਬਹੁਤ ਹੀ ਸਤਿਕਾਰਯੋਗ ਸ਼ਖ਼ਸੀਅਤ ਸ੍ਰੀ ਮਾਨ ਸੰਤ ਜਗਤ ਸਿੰਘ ਖੰਡੂਵਾਲੀਆਂ ਨੇ ਸਥਾਪਤ ਕੀਤਾ ਅਤੇ ਇਸ ਇਲਾਕੇ ਵਿੱਚ ਉਹਨਾਂ ਨੇ ਸਿੱਖੀ ਦਾ ਬਹੁਤ ਪ੍ਰਚਾਰ ਕੀਤਾ ਸੀ ਅੱਜ ਕੱਲ੍ਹ ਇਸ ਸਥਾਨ ਦੀ ਸੇਵਾ ਸ. ਹਰਭਜਨ ਸਿੰਘ ਪੁੱਤਰ ਮਾਨ ਸਿੰਘ ਕਰ ਰਹੇ ਹਨ। ਇਥੋਂ ਹੀ ਸ੍ਰੀ ਸਤਿਗੁਰੂ ਜੀ ਨੇ ਜੇਸਪੁਰ ਵਿਖੇ ਸ. ਕੁਲਦੀਪ ਸਿੰਘ ਪੁੱਤਰ ਰਛਪਾਲ ਸਿੰਘ ਦੇ ਪਿੰਡ ਬਾਦਸ਼ਾਹਪੁਰ ਜ਼ਿਲ੍ਹਾ ਬਿਜਨੋਰ ਵਿਖੇ ਦਰਸ਼ਨ ਦਿੱਤੇ। ਇਸ ਦੇ ਦਿਨ ਦੇ ਆਪਣੇ ਆਖਰੀ ਪੜਾਅ ਵਿਖੇ ਉਤਰਾਖੰਡ ਦੇ ਜਿਲ੍ਹਾ ਸ਼ਹੀਦ ਊਧਮ ਸਿੰਘ ਨਗਰ ਦੇ ਪਿੰਡ ਮੁੰਡੀਆਂ ਮਨੀ ਫਾਰਮ ਵਿਖੇ ਪਹੁੰਚੇ ਤਾਂ ਇਲਾਕਾ ਨਿਵਾਸੀ ਸਾਧ ਸੰਗਤ ਵੱਲੋਂ ਬਹੁਤ ਹੀ ਚਾਅ ਅਤੇ ਉਤਸ਼ਾਹ ਨਾਲ ਫੁੱਲਾਂ ਦੇ ਗੁਲਦਸਤੇ ਭੇਂਟ ਕਰਕੇ ਸ੍ਰੀ ਸਤਿਗੁਰੂ ਜੀ ਦਾ ਅਤੇ ਮਾਤਾ ਗੁਰਸ਼ਰਨ ਕੌਰ ਜੀ ਦਾ ਸੁਅਗਤ ਕੀਤਾ ਗਿਆ। ਇਥੇ ਹੀ ਸ. ਰਜਿੰਦਰ ਸਿੰਘ ਪੁੱਤਰ ਸ. ਸੰਤੋਖ ਸਿੰਘ ਦੇ ਗ੍ਰਹਿ ਵਿਖੇ ਸ੍ਰੀ ਸਤਿਗੁਰੂ ਜੀ ਦਾ ਡੇਰਾ ਕੀਤਾ ਗਿਆ। ਡੇਰੇ ਦੇ ਨੇੜੇ ਹੀ ਬਣੇ ਪੰਡਾਲ ਵਿੱਚ ਸ਼ਾਮ ਦਾ ਨਾਮ ਸਿਮਰਨ ਦਾ ਪ੍ਰੋਗਰਾਮ 5 ਵਜੇ ਤੋਂ 7 ਵਜੇ ਤੱਕ ਹੋਇਆ ਜਿਨਾਂ ਵਿੱਚ ਸੰਤ ਨਿਸ਼ਾਨ ਸਿੰਘ ਜੀ ਨੇ ਕਥਾ ਕੀਤੀ ਅਤੇ ਜ. ਹਰਪਾਲ ਸਿੰਘ ਨੇ ਹੱਲੇ ਦਾ ਦੀਵਾਨ ਸਜਾਇਆ। ਪੰਡਾਲ ਵਿੱਚ ਦਰਸ਼ਨ ਦੇਣ ਸਮੇਂ ਸਾਧ ਸੰਗਤ ਨੇ ਸ਼ਰਧਾ ਅਤੇ

ਸਤਿਕਾਰ ਸਹਿਤ ਭੇਂਟਾ ਧਰ ਸ੍ਰੀ ਸਤਿਗੁਰੂ ਜੀ ਨੂੰ ਨਮਸਕਾਰ ਕੀਤੀ। ਦੀਵਾਨ ਦੇ ਪੰਡਾਲ ਦੇ ਨੇੜੇ ਹੀ ਸਾਧ ਸੰਗਤ ਵਾਸਤੇ ਲੰਗਰ ਦਾ ਪ੍ਰਬੰਧ ਕੀਤਾ ਗਿਆ ਲਾਂਗਰੀਆਂ ਦਾ ਜੱਥਾ ਸ੍ਰੀ ਭੈਣੀ ਸਾਹਿਬ ਤੋਂ ਗੁਰਚਰਨ ਸਿੰਘ ਚੰਨ, ਰਤਨ ਸਿੰਘ ਅਤੇ ਸੰਤ ਕਰਤਾਰ ਸਿੰਘ ਦੀ ਅਗਵਾਈ ਵਿੱਚ ਪਹੁੰਚਿਆ ਹੋਇਆ ਸੀ। 7 ਵਜੇ ਪ੍ਰੋਗਰਾਮ ਦੀ ਸਮਾਪਤੀ ਸਮੇਂ ਸਵੇਰੇ ਆਸਾ ਦੀ ਵਾਰ ਦੇ ਪ੍ਰੋਗਰਾਮ ਦੀ ਅਨਾਉਂਸਮੈਂਟ ਕੀਤੀ ਗਈ ਅਤੇ ਸਾਧ ਸੰਗਤ ਪ੍ਰਸ਼ਾਦਾ ਪਾਣੀ ਛਕਣ ਉਪਰੰਤ ਰਾਤ ਵਿਸ਼ਰਾਮ ਕੀਤਾ।

**ਮਿਤੀ 27 ਜਨਵਰੀ 2026 ਦਿਨ ਮੰਗਲਵਾਰ–** ਸਵੇਰੇ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਸ੍ਰੀ ਸਤਿਗੁਰੂ ਜੀ ਦੇ ਹਜ਼ੂਰ ਰਾਗੀ ਸਰਮੁੱਖ ਸਿੰਘ, ਸ਼ਾਮ ਸਿੰਘ ਅਤੇ ਸੰਤਾ ਸਿੰਘ ਨੇ ਕੀਤਾ। ਆਸਾ ਦੀ ਵਾਰ ਦੀ ਸਮਾਪਤੀ ਉਪਰੰਤ ਬੱਚੀ ਹਰਮਨਪ੍ਰੀਤ ਕੌਰ ਨੇ ਇੱਕ ਕਵਿਤਾ ਪੜ੍ਹੀ। ਸ੍ਰੀ ਸਤਿਗੁਰੂ ਜੀ ਨੇ ਹਰਦੀਪ ਸਿੰਘ ਪੁੱਤਰ ਸ. ਲੱਖਾ ਸਿੰਘ ਬਾਜਪੁਰ ਪ੍ਰੇਮ ਨਗਰ ਵਿਖੇ ਸ. ਮਨਬੀਰ ਸਿੰਘ ਪੁੱਤਰ ਚੈਂਚਲ ਸਿੰਘ ਸਿਵਪੁਰੀ ਬਾਜਪੁਰ ਗੁਰਦੇਵ ਸਿੰਘ, ਮਲਕੀਤ ਸਿੰਘ ਪੁੱਤਰ ਸ. ਜਗਤਾਰ ਸਿੰਘ, ਤੇਜਵੰਤ ਸਿੰਘ, ਰਾਜਪਾਲ ਸਿੰਘ ਪੁੱਤਰ ਹਰਜਿੰਦਰ ਸਿੰਘ, ਗੁਰਭੇਜ ਸਿੰਘ, ਨਵਤੇਜ ਸਿੰਘ ਪੁੱਤਰ ਮੁਖਤਿਆਰ ਸਿੰਘ, ਧਰਮਿੰਦਰ ਸਿੰਘ ਪੁੱਤਰ ਰਣਬੀਰ ਸਿੰਘ ਦੇ ਘਰ ਚਰਨ ਪਾਉਣ ਸਮੇਂ ਧੀਰਜ ਸਿੰਘ ਪੁੱਤਰ ਧਰਮਿੰਦਰ ਸਿੰਘ ਨੂੰ ਸ੍ਰੀ ਸਤਿਗੁਰੂ ਜੀ ਆਪਣੇ ਕਰ ਕਮਲਾਂ ਦੁਆਰਾ ਦਸਤਾਰ ਸਜਾਉਣ ਦੀ ਕਿਰਪਾ ਕੀਤੀ। ਕਾਂਸੀਪੁਰ ਸ਼ਹਿਰ ਵਿਖੇ ਗੁਰਦਿਆਲ ਸਿੰਘ ਪੁੱਤਰ ਕਰਨੈਲ ਸਿੰਘ ਦੀ ਵਰਕਸ਼ਾਪ ਸਮੇਤ ਕਾਂਸੀਪੁਰ ਵਿਖੇ ਹੀ ਸ. ਲਖਵੀਰ ਸਿੰਘ ਪੁੱਤਰ ਮਹਿੰਦਰ ਸਿੰਘ ਅਸੀਸ ਸਿੰਘ ਪੁੱਤਰ ਸਵਰਨ ਸਿੰਘ ਵਿਖੇ ਅਤੇ ਗੁਰੂ ਗੋਬਿੰਦ ਸਿੰਘ ਨਗਰ ਵਰਿਆਮ ਸਿੰਘ ਪੁੱਤਰ ਨਰੈਣ ਸਿੰਘ, ਅਨੰਦ ਵਿਹਾਰ ਰਣਜੀਤ ਸਿੰਘ ਪੁੱਤਰ ਚੰਨਣ ਸਿੰਘ, ਮਹਾਂਦੇਵ ਸਿੰਘ ਪੁੱਤਰ ਬਘੇਲ ਸਿੰਘ ਸਾਝਾ ਫਾਰਮ ਵਾਲੇ, ਗੁਰਦੇਵ ਸਿੰਘ ਪੁੱਤਰ ਬਘੇਲ ਸਿੰਘ, ਜੋਗਿੰਦਰ ਸਿੰਘ ਪੁੱਤਰ ਗਿਆਨ ਸਿੰਘ ਅਤੇ ਕਿਲਾਖੇੜਾ ਵਿਖੇ ਸੁਰਿੰਦਰ ਸਿੰਘ ਪੁੱਤਰ ਵਰਿਆਮ ਸਿੰਘ ਘਰਾਂ ਵਿੱਚ ਚਰਨ ਪਾਉਣ ਸਮੇਂ ਪਰਿਵਾਰਾਂ ਨੂੰ ਆਪਣੀ ਬਖਸ਼ਿਸ਼ ਦੁਆਰਾ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਨਿਵਾਜਿਆ। ਅਬਾਸ ਨਗਰ ਸ. ਜਸਪਾਲ ਸਿੰਘ ਪੁੱਤਰ ਜੋਗਿੰਦਰ ਸਿੰਘ, ਗੁਰਦੇਵ ਸਿੰਘ, ਗੁਰਚਰਨ ਸਿੰਘ ਪੁੱਤਰ ਪ੍ਰੀਤਮ ਸਿੰਘ। ਜਗਦੀਸ ਸਿੰਘ, ਹਰਵਿੰਦਰ ਸਿੰਘ ਪੁੱਤਰ ਅਵਤਾਰ ਸਿੰਘ। ਗੁਰਦੇਵ ਸਿੰਘ ਪੁੱਤਰ ਸਿੰਗਾਰਾ ਸਿੰਘ, ਅੰਗਰੇਜ਼ ਸਿੰਘ ਪੁੱਤਰ ਚਤਰ ਸਿੰਘ, ਸਤਨਾਮ ਸਿੰਘ ਪੁੱਤਰ ਸੁਖਵਿੰਦਰ ਸਿੰਘ ਦੇ ਘਰਾਂ ਵਿੱਚ ਦਰਸ਼ਨ ਦੇਣ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਪਿੰਡ ਇੰਦੀਖੇੜਾ ਵਿਖੇ ਸ. ਨਿਸ਼ਾਨ ਸਿੰਘ ਪੁੱਤਰ ਗੁਰਨਾਮ ਸਿੰਘ ਦੇ ਘਰ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਕਰਨ ਲਈ ਸਾਧ ਸੰਗਤ ਵੱਡੀ ਗਿਣਤੀ ਵਿੱਚ ਇਕੱਤਰ ਹੋਈ ਸੀ। ਇਥੇ ਹੀ ਪ੍ਰਕਾਸ਼ ਕੌਰ ਪੁੱਤਰੀ ਤਰਸੇਮ ਸਿੰਘ ਅਤੇ ਜੀਵਨ ਕੌਰ ਪੁੱਤਰੀ ਸ. ਕਲਦੀਪ ਸਿੰਘ ਨੇ ਇੱਕ ਕਵਿਤਾ ਸ੍ਰੀ ਸਤਿਗੁਰੂ ਜੀ ਦੇ ਸਨਮੁੱਖ ਪੜੀ। ਸੋਹਣਿਆਂ ਦੇ ਸੋਹਣੇ ਸੁਲਤਾਨ ਗੁਰੂ ਰਾਮ ਸਿੰਘ, ਸ੍ਰੀ ਸਤਿਗੁਰੂ ਜੀ ਨੇ ਦਾਰਾ ਸਿੰਘ ਪੁੱਤਰ ਗੁਲਜਾਰ ਸਿੰਘ ਦੇ ਘਰ ਚਰਨ ਪਾਉਣ ਦੀ ਕਿਰਪਾ ਕੀਤੀ। ਇਥੇ ਹੀ ਸੰਤ ਹਰਭਜਨ ਸਿੰਘ ਜੀ ਖੰਡੂਵਾਲੀਆਂ ਵੱਲੋਂ ਇੱਕ ਡੇਰਾ ਸਥਾਪਤ ਹੈ ਜਿੱਥੇ ਨਿਸ਼ਾਨ ਸਿੰਘ ਰੋਜ਼ਾਨਾ ਨਿੱਤਨੇਮ ਸਮੇਂ ਕਥਾ ਕਰਦਾ ਹੈ। ਜ਼ਿਲ੍ਹਾ ਰਾਮਪੁਰ (ਯੂ.ਪੀ) ਦੇ ਇਲਾਕੇ ਵਿਚ ਪਿੰਡ ਸਕਰੋਮ ਵਿਖੇ ਸ. ਸਾਹਿਬ ਸਿੰਘ, ਮਨਜਿੰਦਰ ਸਿੰਘ ਪੁੱਤਰ ਸ. ਅਵਤਾਰ ਸਿੰਘ ਦੇ ਘਰ ਚਰਨ ਪਾਉਣ ਦੀ ਕਿਰਪਾ ਸ੍ਰੀ ਸਤਿਗੁਰੂ ਜੀ ਨੇ ਕੀਤੀ। ਏਸੇ ਹੀ ਜਿਲ੍ਹੇ ਦੇ ਪਿੰਡ ਕਾਦਰੀਗੰਜ ਵਿਖੇ ਸਿਮਰਜੀਤ ਸਿੰਘ ਪੁੱਤਰ ਸ. ਚਰਨਜੀਤ ਸਿੰਘ, ਕਸ਼ਮੀਰ ਸਿੰਘ ਪੁੱਤਰ ਅਮਰ ਸਿੰਘ ਦੇ ਪਰਿਵਾਰਾਂ ਨੂੰ ਦਰਸ਼ਨ ਦੇਣ ਉਪਰੰਤ ਪਿੰਡ ਕੇਸੋਗੜ ਵਿਖੇ ਸ. ਸੁਰਿੰਦਰ ਸਿੰਘ ਪੁੱਤਰ ਸ. ਟਹਿਲ ਦੇ ਘਰ ਚਰਨ ਪਾਉਣ ਦੀ ਕਿਰਪਾ ਕੀਤੀ ਅੱਜ ਦਾ ਇਹ ਸਾਰਾ ਦੌਰਾ ਵਰਦੀ ਹੋਈ ਬਾਰਸ ਵਿੱਚ ਜਾਰੀ ਰਿਹਾ। ਸ੍ਰੀ ਸਤਿਗੁਰੂ ਜੀ ਨੇ ਮੁੰਡੀਆਂ ਮਨੀ ਫਾਰਮ ਵਿਖੇ ਸ਼ਾਮ ਦੇ ਪ੍ਰੋਗਰਾਮ ਵਿੱਚ ਦਰਸ਼ਨ ਦਿੱਤੇ ਜੱਥੇ. ਹਰਪਾਲ ਸਿੰਘ ਸ੍ਰੀ ਭੈਣੀ ਸਾਹਿਬ ਆਪਣੇ ਜੱਥੇ ਸਮੇਤ ਦੀਵਾਨ ਸਜਾ ਰਹੇ ਸਨ। ਸ. ਜਰਨੈਲ ਸਿੰਘ ਬਿਸਨਪੁਰੀ ਨੇ ਇੱਕ ਕਵਿਤਾ ਸ੍ਰੀ ਸਤਿਗੁਰੂ ਜੀ ਦੇ ਹਜ਼ੂਰ ਪ੍ਰੋਗਰਾਮ ਸਮੇਂ ਪੜ੍ਹੀ। ਬੱਚੀ ਰੂਬਲ ਕੌਰ, ਪ੍ਰਕਾਸ਼ ਕੌਰ, ਧਸਨੀਤ ਕੌਰ ਨੇ "ਧੰਨ ਭਾਗ ਉਹਨਾਂ ਦੇ ਜੀ ਜਿਹਨਾਂ ਘਰ ਸੰਤ ਪ੍ਰਾਹੁਣੇ ਆਏ" ਕਵਿਤਾ ਗਾਇਨ ਕੀਤੀ। ਸੰਤ ਨਿਸ਼ਾਨ ਸਿੰਘ ਜੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪਰਉਪਕਾਰਾਂ ਦਾ ਵਰਨਣ ਆਪਣੀ ਕਥਾ ਦੁਆਰਾ ਕੀਤਾ। ਪ੍ਰੋਗਰਾਮ ਦੀ ਸਮਾਪਤੀ ਸਮੇਂ ਸ੍ਰੀ ਸਤਿਗੁਰੂ ਜੀ ਨੇ ਪਵਿੱਤਰ ਉਪਦੇਸ਼ ਦੀ ਕਿਰਪਾ ਕੀਤੀ। ਸ੍ਰੀ ਸਤਿਗੁਰੂ ਜੀ ਨੇ ਸ. ਹਰਵਿੰਦਰ ਸਿੰਘ ਲਾਡੀ ਪੁੱਤਰ ਸ. ਲੱਖਾ ਸਿੰਘ ਦੇ ਚਰਨ ਪਾਉਣ ਦੀ ਕਿਰਪਾ ਕੀਤੀ ਅਤੇ ਰਾਤ ਡੇਰੇ ਆਣ ਵਿਸ਼ਰਾਮ ਕੀਤਾ।

**ਮਿਤੀ 28 ਜਨਵਰੀ 2026 ਦਿਨ ਬੁੱਧਵਾਰ**

ਸਵੇਰੇ ਆਸਾ ਦੀ ਵਾਰ ਦਾ ਕੀਰਤਨ ਸ੍ਰੀ ਸਤਿਗੁਰੂ ਜੀ ਦੇ ਹਜ਼ੂਰੀ ਰਾਗੀ ਜਥੇ ਵਲੋਂ ਕੀਤਾ ਗਿਆ। ਜੋ ਮੁੰਡੀਆਂ ਮਨੀ ਫਾਰਮ ਵਿਖੇ ਹੀ ਹੋਇਆ। ਆਸਾ ਦੀ ਵਾਰ ਦੇ ਭੋਗ ਉਪਰੰਤ ਪ੍ਰਸ਼ਾਦ ਪਾਣੀ ਛੱਕ ਕੇ ਸ੍ਰੀ ਸਤਿਗੁਰੂ ਜੀ ਨੇ ਆਪਣੇ ਦੌਰੇ ਦੇ ਅਗਲੇ ਪੜਾਅ ਲਈ ਚਾਲੇ ਪਾਏ ਤਾਂ ਸਭ ਤੋਂ ਪਹਿਲਾਂ ਚੰਦਾਇਨ ਫਾਰਮ ਸ. ਸਤਨਾਮ ਸਿੰਘ ਪੁੱਤਰ ਵਿਰਸਾ ਸਿੰਘ ਦੇ ਘਰ ਦਰਸ਼ਨ ਦਿੱਤੇ ਅਤੇ ਇਸ ਤੋਂ ਬਾਅਦ ਪਿੰਡ ਬਿਸਨਪੁਰੀ ਵਿਖੇ ਸ. ਸੁਖਚੈਨ ਸਿੰਘ ਪੁੱਤਰ ਸ. ਪ੍ਰਕਾਸ਼ ਸਿੰਘ ਦੇ ਲੜਾਈ ਕਰਨ ਉਹਨਾਂ ਦੇ ਬੇਟੇ ਸ. ਅਰਜਨ ਦੇ ਘਰ ਦਰਸ਼ਨ ਦੇਣ ਦੀ ਕਿਰਪਾ ਸ੍ਰੀ ਸਤਿਗੁਰੂ ਜੀ ਨੇ ਕੀਤੀ। ਬਿਸਨਪੁਰੀ ਵਿਖੇ ਹੀ ਸ. ਸੁਰਿੰਦਰ ਸਿੰਘ ਪੁੱਤਰ ਸ. ਹਰਜਿੰਦਰ ਸਿੰਘ, ਮੋਹਨ ਸਿੰਘ ਪੁੱਤਰ ਬਹਾਦਰ ਸਿੰਘ, ਜਰਨੈਲ ਸਿੰਘ ਕਰਨੈਲ ਸਿੰਘ ਪੁੱਤਰ ਪਿਆਰਾ ਸਿੰਘ, ਕੁਲਵੰਤ ਸਿੰਘ, ਜਸਪਾਲ ਸਿੰਘ, ਅਮਰ ਸਿੰਘ ਪੁੱਤਰ ਗੁਰਦਿਆਲ ਸਿੰਘ, ਗਿਆਨ ਸਿੰਘ, ਕਿਰਪਾਲ ਸਿੰਘ ਪੁੱਤਰ ਕਰਤਾਰ ਸਿੰਘ ਦੇ ਘਰਾਂ ਵਿਚ ਚਰਨ ਪਾਉਣ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਨਗਰ ਦੇ ਗੁਰਦੁਆਰਾ ਸਾਹਿਬ ਵਿਖੇ ਵੀ ਦਰਸ਼ਨ ਦਿੱਤੇ ਤਾਂ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਬਾਬਾ ਗੁਰਚਰਨ ਸਿੰਘ ਜੀ ਨੇ ਸ੍ਰੀ ਸਤਿਗੁਰੂ ਜੀ ਦਾ ਭਰਭੂਰ ਸੁਆਗਤ ਕੀਤਾ। ਬਿਸਨਪੁਰੀ ਤੋਂ ਵਾਪਸੀ ਸਮੇਂ ਰੁੱਦਰਪੁਰ ਸ਼ਹਿਰ ਵਿਖੇ ਸ੍ਰੀ ਅਰੁਨ ਨਾਰੰਗ ਪੁੱਤਰ ਸ੍ਰੀ ਬ੍ਰਿਜਲਾਲ ਨਾਰੰਗ, ਸ੍ਰੀ ਸੁਦਰਸ਼ਨ ਲਾਲ ਪੁੱਤਰ ਬਰਕਤ ਰਾਮ ਦੇ ਘਰ ਦਰਸ਼ਨ ਦੇਣ ਦੀ ਕਿਰਪਾ ਸ੍ਰੀ ਸਤਿਗੁਰੂ ਜੀ ਨੇ ਕੀਤੀ ਨਾਨਕਮਤਾ ਸ਼ਹਿਰ ਵਿਖੇ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਦੇਣ ਸਮੇਂ ਸੰਤ ਨਿਸ਼ਾਨ ਸਿੰਘ ਕਥਾ ਕਰ ਰਹੇ ਸਨ। ਇਥੇ ਹੀ ਪ੍ਰਾਤਪੁਰ ਨੰ. 4 ਵਿਖੇ ਸ. ਸਰੂਪ ਸਿੰਘ ਦੇ ਸਪੁੱਤਰ ਸ. ਪਰਮਜੀਤ ਸਿੰਘ ਦੇ ਘਰ ਵੀ ਸ੍ਰੀ ਸਤਿਗੁਰੂ ਜੀ ਨੇ ਚਰਨ ਪਾਉਣ ਦੀ ਕਿਰਪਾ ਕੀਤੀ। ਸਵੇਰ ਤੋਂ ਲੈ ਕੇ ਵੱਖ-ਵੱਖ ਨਗਰਾਂ ਦਾ ਭਰਮਨ ਕਰਦੇ ਹੋਏ ਸ੍ਰੀ ਸਤਿਗੁਰੂ ਜੀ ਨੇ ਆਪਣੇ ਸਿੱਖਾਂ ਸੇਵਕਾਂ ਦੇ ਕਾਫਲੇ ਸਹਿਤ ਸ਼ਾਮ 4:30 ਤੇ ਨਾਮਧਾਰੀ ਮਾਡਲ ਫਾਰਮ ਗੋਲਾ ਵਿਖੇ ਦਰਸ਼ਨ ਦਿੱਤੇ ਤਾਂ ਰਸਤੇ ਵਿਚ ਸ. ਮੋਹਨ ਸਿੰਘ ਪੁੱਤਰ ਸ. ਫੋਜਾ ਸਿੰਘ, ਭੁਪਿੰਦਰ ਸਿੰਘ ਚੀਮਾਂ ਪੁੱਤਰ ਸ. ਤਾਰਾ ਸਿੰਘ ਆਪਣੇ ਸਾਥੀਆਂ ਸਮੇਤ ਸ੍ਰੀ ਸਤਿਗੁਰੂ ਜੀ ਦੇ ਸੁਆਗਤ ਲਈ ਅੱਗੇ ਆਏ ਹੋਏ ਸਨ। ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਦੇਣ ਸਮੇਂ ਜ. ਹਰਪਾਲ ਸਿੰਘ ਆਪਣੇ ਸਾਥੀਆਂ ਸਮੇਤ ਦੀਵਾਨ ਸਜਾ ਰਹੇ ਸਨ। ਸੰਗਤ ਵੱਲੋਂ ਸ੍ਰੀ ਸਤਿਗੁਰੂ ਜੀ ਦਾ ਫੁੱਲਾਂ ਦੇ ਗੁਲਦਸਤਿਆਂ ਅਤੇ ਹਾਰਾਂ ਨਾਲ ਸਵਾਗਤ ਕੀਤਾ ਗਿਆ। ਪ੍ਰੋਗਰਾਮ ਦੀ ਸਮਾਪਤੀ ਉਪਰੰਤ ਭਰਤੀਆਂ ਫਾਰਮ ਵਿਖੇ ਸ. ਗੁਰਵੇਲ ਸਿੰਘ, ਹਰਵੇਲ ਸਿੰਘ ਪੁੱਤਰ ਸ. ਪਾਲਾ ਸਿੰਘ ਦੇ ਘਰ ਜਲਪਾਣੀ ਛਕਣ ਉਪਰੰਤ ਸ. ਕੁਲਵੰਤ ਸਿੰਘ ਚੀਮਾ, ਭੁਪਿੰਦਰ ਸਿੰਘ ਚੀਮਾਂ ਪੁੱਤਰ ਸ. ਤਾਰਾ ਸਿੰਘ ਦੇ ਗ੍ਰਹਿ ਵਿਖੇ ਚਰਨ ਪਾਉਣ ਦੀ ਕਿਰਪਾ ਸ੍ਰੀ ਸਤਿਗੁਰੂ ਜੀ ਨੇ ਕੀਤੀ। ਸ੍ਰੀ ਸਤਿਗੁਰੂ ਜੀ ਨੇ ਰਣਦੀਪ ਸਿੰਘ, ਕੁਲਦੀਪ ਸਿੰਘ ਪੁੱਤਰ ਸ. ਬਲਕਾਰ ਸਿੰਘ ਦੇ ਘਰ ਚਰਨ ਪਾਉਣ ਸਮੇਂ ਬੱਚਿਆਂ ਨੂੰ ਦਾਹੜੇ ਕੇਸ ਸਾਬਤ ਸੂਰਤ ਰੱਖਣ ਦਾ ਹੁਕਮ ਕੀਤਾ। ਦਰਬਾਰਾ ਸਿੰਘ ਪੁੱਤਰ ਜੇਰਾ ਸਿੰਘ ਮਹੰਤਾਂ ਦੇ ਘਰ ਚਰਨ ਪਾਉਣ ਸਮੇਂ ਕਾਕਾ ਉਦੇ ਸਿੰਘ ਪੁੱਤਰ ਵਜੀਰ ਸਿੰਘ ਅਤੇ ਕਾਕਾ ਅਭੈਪ੍ਰਤਾਪ ਸਿੰਘ ਪੁੱਤਰ ਸਹਿਜਪਾਲ ਸਿੰਘ ਨੂੰ ਸ੍ਰੀ ਸਤਿਗੁਰੂ ਜੀ ਨੇ ਦਸਤਾਰਾਂ ਸਜਾਉਣ ਦੀ ਕਿਰਪਾ ਕੀਤੀ। ਸਾਹਿਬ ਸਿੰਘ ਪੁੱਤਰ ਸਹਿਜਪਾਲ ਸਿੰਘ ਨੂੰ ਵੀ ਸ੍ਰੀ ਸਤਿਗੁਰੂ ਜੀ ਨੇ ਦਸਤਾਰ ਸਜਾਈ ਵਜੀਰ ਸਿੰਘ ਪੁੱਤਰ ਬਲਕਾਰ ਸਿੰਘ, ਗੁਰਜੀਤ ਸਿੰਘ ਪੁੱਤਰ ਮਹਿਲ ਸਿੰਘ, ਸਾਹਿਬ ਸਿੰਘ ਪੁੱਤਰ ਬਲਦੇਵ ਸਿੰਘ ਦੇ ਘਰਾਂ ਵਿੱਚ ਦਰਸ਼ਨ ਦੇਣ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਕੁੰਟਵਾਫਾਰਮ ਵਿਖੇ ਸ. ਮੋਹਨ ਸਿੰਘ, ਸਤਨਾਮ ਸਿੰਘ ਪੁੱਤਰ ਸ. ਫੌਜਾ ਸਿੰਘ ਦੇ ਗ੍ਰਹਿ ਵਿਖੇ ਆਣ ਡੇਰਾ ਕਰ ਰਾਤ ਵਿਸ਼ਰਾਮ ਕੀਤਾ।

**ਮਿਤੀ 29 ਜਨਵਰੀ ਦਿਨ ਵੀਰਵਾਰ** ਸਵੇਰੇ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਮਾਡਲਫਾਰਮ ਵਰਨੀ ਵਿਖੇ ਸ੍ਰੀ ਸਤਿਗੁਰੂ ਜੀ ਦੇ ਹਜ਼ੂਰ ਹਜ਼ੂਰੀ ਰਾਗੀ ਜਥੇ ਵੱਲੋਂ ਕੀਤਾ ਗਿਆ। ਵਾਰ ਦੀ ਸਮਾਪਤੀ ਉਪਰੰਤ ਸਾਧ ਸੰਗਤ ਵਲੋਂ ਪਵਿੱਤਰ ਗੁਰਬਾਣੀ ਦੇ 7 ਸਹਿਜਪਾਠਾਂ ਦੇ ਭੋਗ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਕਾਸ਼ ਪੁਰਬ ਬਸੰਤ ਦੇ ਸੇਵਾ ਮਨਾਉਂਦੇ ਹੋਏ 9 ਤੋਂ 10 ਵਜੇ ਤੱਕ ਸੰਤ ਨਿਸ਼ਾਨ ਸਿੰਘ ਕਥਾ ਦੁਆਰਾ ਗੁਰੂ ਜੱਸ ਕੀਤਾ। ਸ੍ਰੀ ਸਤਿਗੁਰੂ ਜੀ ਨੇ ਗੁਰਸ਼ਰਨ ਸਿੰਘ ਕਾਹਲੋਂ ਪੁੱਤਰ ਸ. ਅਜੀਤ ਸਿੰਘ, ਗੁਰਚਰਨ ਸਿੰਘ ਪੁੱਤਰ ਹਜ਼ੂਰ ਸਿੰਘ, ਬੂਟਾ ਸਿੰਘ ਪੁੱਤਰ ਭਗਵਾਨ ਸਿੰਘ ਦੇ ਘਰ ਮਾਤਾ ਪ੍ਰੀਤਮ ਕੌਰ ਨੂੰ ਦਰਸ਼ਨ ਦੇਣ ਦੀ ਕਿਰਪਾ ਕੀਤੀ। ਅੰਮ੍ਰਿਤਪਾਲ ਸਿੰਘ ਪੁੱਤਰ ਬਲਵਿੰਦਰ ਸਿੰਘ,ਲਖਵਿੰਦਰ ਸਿੰਘ ਪੁੱਤਰ ਸੰਤੋਖ ਸਿੰਘ ਰੋਸ਼ਨ ਨਗਰ ਬੂਟਾ ਸਿੰਘ ਪੁੱਤਰ ਲਾਲ ਸਿੰਘ। ਰਤਨਾਪੁਰ ਵਿਖੇ ਮੁਖਤਿਆਰ ਸਿੰਘ ਚੀਮਾਂ ਪੁੱਤਰ ਜੰਗੀਰ ਸਿੰਘ, ਮਨਜਿੰਦਰ ਸਿੰਘ ਪੁੱਤਰ ਅਜੀਤ ਸਿੰਘ। ਬਾਂਕੇ ਗੰਜ ਸੋਹਨ ਸਿੰਘ ਪੁੱਤਰ ਜੇਠਾ ਸਿੰਘ ਦੇ ਪਰਿਵਾਰਾਂ ਨੂੰ ਦਰਸ਼ਨ ਦੇਣ ਉਪਰੰਤ

ਕੁੰਦਵਾਫਾਰਮ ਆਪਣੇ ਡੇਰੇ ਆਣ ਪ੍ਰਸ਼ਾਦ ਪਾਣੀ ਛਕਿਆ। ਗੋਲਾ ਸ਼ਹਿਰ ਵਿਖੇ ਪੰਜਾਬੀ ਕਲੋਨੀ ਵਿਖੇ ਬਲਵਿੰਦਰ ਸਿੰਘ ਬਾਊ ਪੁੱਤਰ ਸ. ਹਜ਼ੂਰ ਜੋਰਾ ਸਿੰਘ ਦੇ ਘਰ ਪਿੰਡ ਕਟਵਾਗ (ਗੋਲਾ) ਵਿਖੇ ਦਰਸ਼ਨ ਦੇਣ ਉਪਰੰਤ ਪਿੰਡ ਵਸਲੀਪੁਰ ਵਿਖੇ ਸ. ਜਸਵਿੰਦਰ ਸਿੰਘ ਪੁੱਤਰ ਦਿਆਲ ਸਿੰਘ ਅਤੇ 84 ਫਾਰਮ ਵਿਖੇ ਹਰਜੀਤ ਸਿੰਘ ਪੁੱਤਰ ਹਰਸਿਮਰਨ ਸਿੰਘ ਪੁੱਤਰ ਸ. ਗਿਆਨ ਸਿੰਘ। ਬਲਦੇਵ ਸਿੰਘ ਪੁੱਤਰ ਗੁਰਦਿੱਤ ਸਿੰਘ, ਮੁਖਤਿਆਰ ਸਿੰਘ ਪੁੱਤਰ ਸ. ਬਲਵੰਤ ਸਿੰਘ ਦੇ ਘਰ ਚਰਨ ਪਾਉਣ ਉਪਰੰਤ ਸ੍ਰੀ ਸਤਿਗੁਰੂ ਜੀ ਤਕਰੀਬਨ 5 ਵਜੇ ਸ਼ਾਮ ਨੂੰ ਮਲਕ ਫਾਰਮ ਵਿਖੇ ਆਣ ਸਾਧ ਸੰਗਤ ਵੱਲੋਂ ਭਰਭੂਰ ਸੁਆਗਤ ਕੀਤਾ ਗਿਆ। ਜੱਥੇ. ਬਲਬੀਰ ਸਿੰਘ ਜੀ ਦੇ ਜੱਥੇ ਵਲੋਂ ਸ੍ਰੀ ਸਤਿਗੁਰੂ ਜੀ ਦੀ ਆਮਦ ਤੇ ਢੋਲਕੀ ਛੈਣਿਆਂ ਨਾਲ ਸੁਆਗਤੀ ਸ਼ਬਦ ਪੜ੍ਹਿਆ ਗਿਆ। ਸ਼ਾਮ ਦੇ ਪ੍ਰੋਗਰਾਮ ਵਿਚ ਜਥੇ. ਬਲਬੀਰ ਸਿੰਘ ਜੀ ਦੇ ਜੱਥੇ ਵਲੋਂ ਦੀਵਾਨ ਸਜਾਇਆ ਗਿਆ। ਸ੍ਰੀ ਸਤਿਗੁਰੂ ਜੀ ਦਾ ਡੇਰਾ ਮਲਕਫਾਰਮ ਵਿਖੇ ਸ. ਖਜਾਨ ਸਿੰਘ ਪੁੱਤਰ ਸ. ਅਜੀਤ ਸਿੰਘ ਦੇ ਘਰ ਕੀਤਾ ਗਿਆ। ਇਥੇ ਹੀ ਡੇਰਾ ਕਰ ਰਾਤ ਵਿਸ਼ਰਾਮ ਕੀਤਾ ਗਿਆ।

**ਮਿਤੀ 30 ਜਨਵਰੀ 2026 ਦਿਨ ਸ਼ੁੱਕਰਵਾਰ**

ਸਵੇਰੇ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਹਜ਼ੂਰੀ ਰਾਗੀ ਜੱਥੇ ਸਮੇਂ ਸ. ਬਲਬੀਰ ਸਿੰਘ ਦੇ ਜੱਥੇ ਵੱਲੋਂ ਕੀਤਾ ਗਿਆ ਜੋ ਨਾਮਧਾਰੀ ਪੰਥ ਦੀ ਪ੍ਰੰਪਰਾ ਦਾ ਇਕ ਸ਼ੈਲੀ ਵਿਚ ਵਾਰੇ ਦੇ ਰੂਪ ਵਿਚ ਸੀ। ਵਾਰੇ ਦੀ ਸਮਾਪਤੀ ਉਪਰੰਤ ਬੱਚੀ ਰਜਵੰਤ ਕੌਰ ਪੁੱਤਰੀ ਸ. ਰਤਨ ਸਿੰਘ, ਹਰਮਨਪ੍ਰੀਤ ਕੌਰ ਪੁੱਤਰੀ ਹਰਜੀਤ ਸਿੰਘ ਨੇ ਸ਼ਬਦ "ਹਰ ਕੋ ਨਾਮ ਸਦਾ ਸੁਖਦਾਈ" ਗਾਇਨ ਕੀਤਾ। ਬੱਚੀ ਸਾਹਿਬਦੀਪ ਕੌਰ ਪੁੱਤਰੀ ਸਰਬਜੀਤ ਸਿੰਘ ਨੇ ਕਵਿਤਾ ਪੜ੍ਹੀ। ਕਾਕਾ ਬੇਅੰਤ ਸਿੰਘ ਪੁੱਤਰ ਬਸੰਤ ਸਿੰਘ ਨੇ ਸਾਖੀ ਕੀਤੀ। ਬੱਚੀ ਰਤਨ ਕੌਰ ਪੁੱਤਰੀ ਰਾਜ ਕੌਰ ਨੇ ਕਵਿਤਾ, ਖੁਸ਼ਪ੍ਰੀਤ ਕੌਰ ਪੁੱਤਰੀ ਜਸਪਾਲ ਸਿੰਘ, ਪਰਨੀਤ ਕੌਰ ਪੁੱਤਰੀ ਦਲਜੀਤ ਸਿੰਘ ਨੇ ਕਵਿਤਾ ਸੁਣਾਈ। ਮਲਕਫਾਰਮ ਤੇ ਕਸਬਾ ਹਰਗਾਂਓ ਵਿਖੇ ਸ. ਹਰਬੰਸ ਸਿੰਘ, ਗੁਰਵਿੰਦਰ ਸਿੰਘ ਦੇ ਨਵੇਂ ਬਣੇ ਸਰੂਪ ਤੇ ਚਰਨ ਪਾਉਣ ਦੀ ਕਿਰਪਾ ਸ੍ਰੀ ਸਤਿਗੁਰੂ ਜੀ ਨੇ ਕੀਤੀ। ਹੈਦਰਪੁਰ ਮੁਸਤਫਾਬਾਦ ਫਾਰਮ ਵਿਖੇ ਹਰਨੇਕ ਸਿੰਘ ਪੁੱਤਰ ਕਰਨੈਲ ਸਿੰਘ, ਦਵਿੰਦਰ ਸਿੰਘ, ਜਸਵੀਰ ਸਿੰਘ ਪੁੱਤਰ ਸੇਵਾ ਸਿੰਘ ਸੁੰਦਰਵੇਲ (ਲਖੀਮਪੁਰ ਖੀਰੀ) ਹਰਬੰਸ ਸਿੰਘ, H.S ਨਾਮਧਾਰੀ ਇੰਟਰਪ੍ਰਾਇਜਜ ਦਾ ਉਦਘਾਟਨ ਸ੍ਰੀ ਸਤਿਗੁਰੂ ਜੀ ਨੇ ਕੀਤਾ। ਦੋਦਪੁਰ ਲਖਵਿੰਦਰ ਸਿੰਘ ਪੁੱਤਰ ਲਛਮਨ ਸਿੰਘ ਦੀ ਦੁਕਾਨ ਅਤੇ ਬੱਚੂਪੁਰ ਜੰਗੀਰ ਸਿੰਘ ਪੁੱਤਰ ਬੰਤਾ ਸਿੰਘ, ਸਤਪਾਲ ਸਿੰਘ ਪੁੱਤਰ ਸੁਖਦੇਵ ਸਿੰਘ ਅਤੇ ਕਰਮ ਸਿੰਘ ਪੁੱਤਰ ਬੰਤਾ ਸਿੰਘ ਦੇ ਪਰਿਵਾਰਾਂ ਨੂੰ ਦਰਸ਼ਨ ਦੇਣ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਦੁਪਹਿਰ ਦੇ ਦੀਵਾਨ ਵਿੱਚ ਪੰਡਾਲ ਵਿੱਚ ਦਰਸ਼ਨ ਦੇਣ ਸਮੇਂ ਜ. ਬਲਬੀਰ ਸਿੰਘ ਜੀ ਦੀਵਾਨ ਸਜਾ ਰਹੇ ਸਨ। ਜ. ਹਰਪਾਲ ਸਿੰਘ ਅਤੇ ਸੰਤ ਨਿਸ਼ਾਨ ਸਿੰਘ ਦੇ ਪ੍ਰੋਗਰਾਮ ਤੋਂ ਬਾਅਦ ਬੱਚੇ ਰਨਿੰਦਰ ਸਿੰਘ ਪੁੱਤਰ ਅੰਮ੍ਰਿਤਪਾਲ ਸਿੰਘ ਅਤੇ ਬੱਚੀ ਸਰਨਦੀਪ ਕੌਰ ਪੁੱਤਰੀ ਸ. ਸਿਮਰਨਪਾਲ ਸਿੰਘ ਨੇ ਇੱਕ ਸ਼ਬਦ ਗਾਇਨ ਕੀਤਾ- "ਬਾਜਤ ਬਸੰਤ ਅਰੁ ਭੈਰਵ ਹਿੰਡੋਲ ਰਾਗ ਸ਼ਬਦ ਸੀ। ਪ੍ਰੋਗਰਾਮ ਦੀ ਸਮਾਪਤੀ ਬਾਅਦ ਸੇਵਾ ਸਿੰਘ ਪੁੱਤਰ ਜੋਗਿੰਦਰ ਸਿੰਘ, ਕੁਲਵੰਤ ਸਿੰਘ ਪੁੱਤਰ ਸਿੰਗਾਰਾ ਸਿੰਘ, ਕਸ਼ਮੀਰ ਸਿੰਘ ਪੁੱਤਰ ਸਿੰਗਾਰਾ ਸਿੰਘ, ਮਲਕੀਰ ਸਿੰਘ ਪੁੱਤਰ ਭਾਗ ਸਿੰਘ, ਪਰਮਜੀਤ ਸਿੰਘ ਪੁੱਤਰ ਲਛਮਨ ਸਿੰਘ, ਲਖਵਿੰਦਰ ਸਿੰਘ ਪੁੱਤਰ ਲਛਮਨ ਸਿੰਘ, ਹਰਮੀਤ ਸਿੰਘ ਪੁੱਤਰ ਜੀਤ ਸਿੰਘ, ਸੂਬਾ ਬਲਵਿੰਦਰ ਸਿੰਘ ਪੁੱਤਰ ਮਲਕੀਤ ਸਿੰਘ, ਜਰਨੈਲ ਸਿੰਘ ਪੁੱਤਰ ਅਜੀਤ ਸਿੰਘ, ਬਲਕਾਰ ਸਿੰਘ ਪੁੱਤਰ ਅਜੀਤ ਸਿੰਘ, ਮਨਜੀਤ ਸਿੰਘ ਪੁੱਤਰ ਅਵਤਾਰ ਸਿੰਘ, ਗੁਰਵਿੰਦਰ ਸਿੰਘ ਪੁੱਤਰ ਗੁਰਦੇਵ ਸਿੰਘ, ਜਸਵਿੰਦਰ ਸਿੰਘ, ਹਰਬੰਸ ਸਿੰਘ, ਜਸਵੰਤ ਸਿੰਘ ਪੁੱਤਰ ਗਿਆਨ ਸਿੰਘ ਦੇ ਘਰਾਂ ਵਿਚ ਚਰਨ ਪਾਉਣ ਦੀ ਕਿਰਪਾ ਸ੍ਰੀ ਸਤਿਗੁਰੂ ਜੀ ਨੇ ਕੀਤੀ। ਜਸਵੰਤ ਸਿੰਘ ਦੇ ਗ੍ਰਹਿ ਵਿਖੇ ਕੁਝ ਸਮਾਂ ਬੱਚਿਆਂ ਨਾਲ ਬੈਠ ਬਚਨ ਬਿਲਾਸ ਕਰਨ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਬੱਚਿਆਂ ਕੋਲੋਂ ਗੁਰਬਾਣੀ ਦਾ ਪਾਠ ਸੁਣਿਆਂ। ਬੱਚਿਆਂ ਨੇ ਬੜੇ ਹੀ ਚਾਅ ਅਤੇ ਉਤਸ਼ਾਹ ਨਾਲ ਸ੍ਰੀ ਸਤਿਗੁਰੂ ਜੀ ਦੇ ਸਨਮੁੱਖ ਬੈਠ ਕੇ ਗੁਰਬਾਣੀ ਦਾ ਪਾਠ ਸੁਣਾਇਆ। ਇਥੋਂ ਨੇੜੇ ਹੀ ਪਿੰਡ ਅਮਰਖੁਰਦ ਵਿਖੇ ਸ. ਕਰਨੈਲ ਸਿੰਘ ਪੁੱਤਰ ਹਰਬੰਸ ਸਿੰਘ ਦੇ ਘਰ ਚਰਨ ਪਾਉਣ ਦੀ ਕਿਰਪਾ ਸ੍ਰੀ ਸਤਿਗੁਰੂ ਜੀ ਨੇ ਕੀਤੀ। ਰਾਤ ਡੇਰੇ ਆਣ ਵਿਸ਼ਰਾਮ ਕੀਤਾ।

ਮਿਤੀ 31 ਜਨਵਰੀ 2026 ਦਿਨ ਸ਼ਨੀਵਾਰ ਸਵੇਰੇ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਹਜ਼ੂਰੀ ਰਾਗੀ ਜੱਥੇ ਵੱਲੋਂ ਮਲਕਫਾਰਮ ਵਿਖੇ ਹੀ ਹੋਇਆ। ਜਿਸ ਦੀ ਸਮਾਪਤੀ ਜਲਦੀ ਕਰਨ ਤੋਂ ਬਾਅਦ ਪ੍ਰਸ਼ਾਦ ਪਾਣੀ ਛਕ ਕੇ ਸ੍ਰੀ ਸਤਿਗੁਰੂ ਜੀ ਨੇ ਆਪਣੇ ਯੂ.ਪੀ. ਦੌਰੇ ਨੂੰ ਸਮਾਪਤ ਕਰਦੇ ਹੋਏ ਵਾਪਸੀ ਲਈ ਚਾਲੇ ਪਾਏ ਤਾਂ ਰਸਤੇ ਵਿਚ ਬਰੇਲੀ ਸ਼ਹਿਰ ਵਿਖੇ ਸ. ਭਗਵਾਨ ਸਿੰਘ ਪੁੱਤਰ ਭੁਪਿੰਦਰ ਸਿੰਘ ਪੁੱਤਰ ਸ. ਨਿਰਮਲ ਸਿੰਘ, ਬੀਬੀ ਰਜਨੀ ਪਤਨੀ ਜਸਵੀਰ

ਸਿੰਘ ਬਰੇਲੀ ਦੇ ਘਰਾਂ ਵਿਚ ਚਰਨ ਪਾਉਣ ਦੀ ਕਿਰਪਾ ਸ੍ਰੀ ਸਤਿਗੁਰੂ ਜੀ ਨੇ ਕੀਤੀ। ਬਰੇਲੀ ਤੋਂ ਚੱਲ ਕੇ ਗਾਜੀਆਬਾਦ ਦੇ ਸ਼ਹਿਰ ਸਾਹਿਬਾਬਾਦ ਵਿਖੇ ਨਾਮਧਾਰੀ ਧਰਮਸ਼ਾਲਾ ਵਿਖੇ ਬਸੰਤ ਦੇ ਮੇਲੇ ਤੇ ਦਰਸ਼ਨ ਦੇਣ ਦੀ ਕਿਰਪਾ ਸ੍ਰੀ ਸਤਿਗੁਰੂ ਜੀ ਨੇ ਕੀਤੀ।

**ਸੂਬਾ ਬਲਵਿੰਦਰ ਸਿੰਘ ਝੱਲ**

.......................................................

## ਸ੍ਰੀ ਸਤਿਗੁਰੂ ਜੀ ਦਾ ਇਲਾਕਾ ਜੀਵਨ ਨਗਰ ਦਾ ਦੌਰਾ

**ਮਿਤੀ 19 ਜਨਵਰੀ 2026 ਦਿਨ ਸੋਮਵਾਰ** ਨੂੰ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਜ਼ਿਲ੍ਹਾ ਕਰਨਾਲ ਦਾ ਦੌਰਾ ਕਰਨ ਉਪਰੰਤ ਮਸਤਾਨਗੜ੍ਹ ਵਿਖੇ ਆਣ ਦਰਸ਼ਨ ਦਿਤਾ ਤਾਂ ਸਵੇਰੇ ਅੰਮ੍ਰਿਤ ਵੇਲੇ ਦਾ ਦੌਰਾ ਕਰਨ ਉਪਰੰਤ ਮਸਤਾਨਗੜ੍ਹ ਵਿਖੇ ਆਣ ਦਰਸ਼ਨ ਦਿੱਤਾ ਤਾਂ ਸਵੇਰੇ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਸ੍ਰੀ ਸਤਿਗੁਰੂ ਜੀ ਦੇ ਹਜ਼ੂਰ ਰਾਗੀ ਬਲਵੰਤ ਸਿੰਘ, ਹਰਪ੍ਰੀਤ ਸਿੰਘ ਸੋਨੂੰ ਅਤੇ ਸਰਮੁੱਖ ਸਿੰਘ ਨੇ ਕੀਤਾ। ਸੰਤ ਨਗਰ ਪ੍ਰਤਾਪ ਮੰਦਰ ਵਿਚ ਹੋਇਆ। ਮਸਤਾਨਗੜ੍ਹ ਵਿਖੇ ਸ੍ਰੀ ਸਤਿਗੁਰੂ ਜੀ ਦੇ ਹਜ਼ੂਰ ਕਾਕਾ ਆਤਮਾ ਸਿੰਘ ਪੁੱਤਰ ਅਵਤਾਰ ਸਿੰਘ ਪਿੰਡ ਦਮਦਮਾ ਅਤੇ ਲੜਕੀ ਮੰਨਤ ਕੌਰ ਪੁੱਤਰੀ ਸ. ਗੁਰਵੀਰ ਸਿੰਘ 58R.B ਗੰਗਾ ਨਗਰ ਤੋਂ ਅਨੰਦ ਕਾਰਜ ਹੋਇਆ। ਉਪਰੰਤ ਸ੍ਰੀ ਸਤਿਗੁਰੂ ਜੀ ਨੇ ਪਿੰਡ ਦਮਦਮਾ ਵਿਖੇ ਸ. ਰਣਧੀਰ ਸਿੰਘ ਪੁੱਤਰ ਸ. ਮੁਖਤਿਆਰ ਸਿੰਘ ਬਾਜੇਵਾਲੇ ਦੇ ਘਰ ਅਖੰਡ ਪਾਠਾਂ ਦੇ ਭੋਗ ਸਮੇਂ ਦਰਸ਼ਨ ਦੇਣ ਦੀ ਕਿਰਪਾ ਕੀਤੀ। 1 ਅਖੰਡ ਪਾਠ ਕਾਕਾ ਨੋ-ਨਿਹਾਲ ਸਿੰਘ ਦੇ ਜਨਮ ਦੀ ਖੁਸ਼ੀ ਵਿਚ ਅਤੇ ਦੂਸਰਾ ਅਖੰਡ ਪਾਠ ਬੱਚੀ ਅਜੋਨੀ ਕੌਰ ਦੀ ਦੇਹ ਆਰੋਗਤਾ ਲਈ ਪਾਇਆ ਗਿਆ। ਸਹਿਜਪਾਠ ਦਾ ਭੋਗ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਦੇਣ ਦੀ ਖੁਸ਼ੀ ਵਿੱਚ ਪਾਇਆ ਗਿਆ। ਇਥੋਂ ਹੀ ਸ. ਜਸਮੇਲ ਸਿੰਘ ਪੁੱਤਰ ਪ੍ਰੀਤਮ ਸਿੰਘ ਗਿੱਲ, ਬਲਦੇਵ ਸਿੰਘ ਪੁੱਤਰ ਪਿਆਰਾ ਸਿੰਘ, ਡਾ. ਸੁਰਿੰਦਰ ਸਿੰਘ ਪੁੱਤਰ ਮਾਨ ਸਿੰਘ, ਸ. ਸੁਖਦੇਵ ਸਿੰਘ ਮਿਸਤਰੀ ਪੁੱਤਰ ਸ. ਹਰਭਜਨ ਸਿੰਘ, ਲਖਵੀਰ ਸਿੰਘ ਪੁੱਤਰ ਜਰਨੈਲ ਸਿੰਘ ਖੂਹ ਵਾਲੇ, ਸੰਦੀਪ ਸਿੰਘ ਪੁੱਤਰ ਸੋਹਨ ਸਿੰਘ, ਬਹਾਦਰ ਸਿੰਘ ਪੁੱਤਰ ਕਪੂਰ ਸਿੰਘ, ਨਿਹਾਲ ਸਿੰਘ ਪੁੱਤਰ ਕਪੂਰ ਸਿੰਘ ਦੇ ਘਰ ਚਰਨ ਪਾਉਣ ਸਮੇਂ ਸ੍ਰੀ ਸਤਿਗੁਰੂ ਜੀ ਨੇ ਬੱਚਿਆਂ ਨੂੰ ਖਾਣ-ਪੀਣ ਠੀਕ ਕਰਨ ਅਤੇ ਗੁਰਸਿੱਖੀ ਨਾਲ ਜੁੜਨ ਦਾ ਹੁਕਮ ਕੀਤਾ। ਪਿੰਡ ਸੰਤ ਨਗਰ ਵਿਖੇ ਸ. ਭਗਵਾਨ ਸਿੰਘ ਮੁਕਤਾ ਪੁੱਤਰ ਸੂਬਾ ਧਰਮ ਸਿੰਘ, ਗਿਆਨ ਸਿੰਘ ਕੱਕੜ ਪੁੱਤਰ ਸ. ਹਰਦੀਪ ਸਿੰਘ, ਸ. ਭਗਵਾਨ ਸਿੰਘ ਪੁੱਤਰ ਸ. ਹਰੀ ਸਿੰਘ ਚਰਨ ਪਾਉਣ ਦੀ ਕਿਰਪਾ ਸ੍ਰੀ ਸਤਿਗੁਰੂ ਜੀ ਨੇ ਕੀਤੀ। ਪਿੰਡ ਢੁੱਡੀਆਂ ਵਿਖੇ ਸ. ਰਣਜੀਤ ਸਿੰਘ ਪੁੱਤਰ ਸ. ਜਸਵੰਤ ਸਿੰਘ, ਕੇਵਲ ਸਿੰਘ ਪੁੱਤਰ ਜਸਵੰਤ ਸਿੰਘ, ਨਵਦੀਪ ਸਿੰਘ ਪੁੱਤਰ ਦਰਸ਼ਨ ਸਿੰਘ, ਪ੍ਰਹਿਲਾਦ ਸਿੰਘ ਪੁੱਤਰ ਸਤਪਾਲ ਸਿੰਘ ਦੇ ਘਰ ਚਰਨ ਪਾਉਣ ਦੀ ਕਿਰਪਾ ਸ੍ਰੀ ਸਤਿਗੁਰੂ ਜੀ ਨੇ ਕੀਤੀ। ਪਿੰਡ ਸੰਤ ਨਗਰ ਵਿਖੇ ਸ. ਦੀਦਾਰ ਸਿੰਘ ਕੋਚ ਪੁੱਤਰ ਸ. ਸੰਤੋਖ ਸਿੰਘ, ਸ. ਸੁਖਦੇਵ ਸਿੰਘ ਪੁੱਤਰ ਸ. ਮਾਨ ਸਿੰਘ ਦੇ ਘਰ ਦਰਸ਼ਨ ਦੇਣ ਦੀ ਕਿਰਪਾ ਕੀਤੀ। ਪਿੰਡ ਜੀਵਨ ਨਗਰ ਵਿਖੇ ਸ. ਗੁਰਮੀਤ ਸਿੰਘ ਪੁੱਤਰ ਕਰਨੈਲ ਸਿੰਘ ਦੇ ਚੜ੍ਹਾਈ ਕਰਨ ਤੇ ਪਰਿਵਾਰ ਨੂੰ ਦਰਸ਼ਨ ਦੇਣ ਦੀ ਕਿਰਪਾ ਸ੍ਰੀ ਸਤਿਗੁਰੂ ਜੀ ਨੇ ਕੀਤੀ। ਰਾਤ ਮਸਤਾਨਗੜ੍ਹ ਵਿਖੇ ਵਿਸ਼ਰਾਮ ਕੀਤਾ।

**ਮਿਤੀ 20 ਜਨਵਰੀ 2026 ਦਿਨ ਮੰਗਲਵਾਰ** ਸਵੇਰੇ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਸ੍ਰੀ ਸਤਿਗੁਰੂ ਜੀ ਦੇ ਹਜ਼ੂਰ ਨਾਮਧਾਰੀ ਧਰਮਸ਼ਾਲਾ ਐਲਨਾਬਾਦ ਵਿਖੇ ਹੋਇਆ। ਆਸਾ ਦੀ ਵਾਰ ਦੀ ਸਮਾਪਤੀ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਸ. ਰਣਜੀਤ ਸਿੰਘ ਸੱਗੂ, ਇਕਬਾਲ ਸਿੰਘ ਸੱਗੂ ਪੁੱਤਰ ਸ. ਦਰਸ਼ਨ ਸਿੰਘ ਅਤੇ ਸ. ਦਰਸ਼ਨ ਸਿੰਘ ਪੁੱਤਰ ਹਰਬੰਸ ਸਿੰਘ, ਸ. ਸਵਰਨ ਸਿੰਘ ਪੁੱਤਰ ਅਜੀਤ ਸਿੰਘ, ਇਕਬਾਲ ਸਿੰਘ ਪੁੱਤਰ ਜਸਵੰਤ ਸਿੰਘ, ਆਤਮਾ ਸਿੰਘ, ਗੁਰਦੇਵ ਸਿੰਘ, ਅਜਮੇਰ ਸਿੰਘ ਪੁੱਤਰ ਸਵਰਨ ਸਿੰਘ ਦੇ ਗ੍ਰਹਿ ਵਿਖੇ ਚਰਨ ਪਾਉਣ ਦੀ ਕਿਰਪਾ ਸ੍ਰੀ ਸਤਿਗੁਰੂ ਜੀ ਨੇ ਕੀਤੀ। ਪਿੰਡ ਕੰਗਣਪੁਰ ਨੇੜੇ ਸਿਰਸਾ ਵਿਖੇ ਬੀਬੀ ਪ੍ਰਭਜੀਤ ਕੌਰ ਪੁੱਤਰੀ ਸ. ਰਣਬੀਰ ਸਿੰਘ ਵਲੋਂ ਆਪਣੇ ਗ੍ਰਹਿ ਵਿਖੇ ਕਰਵਾਏ ਗਏ ਅਖੰਡ ਪਾਠ ਦੇ ਭੋਗ ਸਮੇਂ ਦਰਸ਼ਨ ਦਿੱਤੇ। ਕੰਗਣਪੁਰ ਵਿਖੇ ਹੀ ਸ. ਸੁਖਦੇਵ ਸਿੰਘ ਪੁੱਤਰ ਸ. ਪੂਰਨ ਸਿੰਘ ਪੱਧਰੀ ਵਾਲੇ, ਨਛੱਤਰ ਸਿੰਘ ਪੁੱਤਰ ਰਤਨ ਸਿੰਘ, ਅਵਤਾਰ ਸਿੰਘ ਪੁੱਤਰ ਗੁਰਮੀਤ ਸਿੰਘ, ਗੁਰਚਰਨ ਸਿੰਘ ਪੁੱਤਰ ਗੁਲਜਾਰ ਸਿੰਘ, ਗੁਰਨਾਮ ਸਿੰਘ, ਸਿੰਗਾਰਾ ਸਿੰਘ ਪੁੱਤਰ ਗੁਲਜਾਰ ਸਿੰਘ, ਜਵੰਧ ਸਿੰਘ ਪੁੱਤਰ ਜਗਤਾਰ ਸਿੰਘ ਭੱਟੀ ਦੇ ਘਰਾਂ ਵਿਚ ਚਰਨ ਪਾਉਣ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਨਾਮਧਾਰੀ ਗੁਰਦੁਆਰਾ ਕੰਗਣਪੁਰ ਵਿਖੇ ਦਰਸ਼ਨ ਦਿੱਤੇ

ਜਿਥੇ ਨਗਰ ਨਿਵਾਸੀ ਸਾਧ ਸੰਗਤ ਵਲੋਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਕਾਸ਼ ਪੁਰਬ ਬਸੰਤ ਦਾ ਮੇਲਾ ਮਨਾਇਆ ਜਾ ਰਿਹਾ ਸੀ। ਸੂਬਾ ਸੰਦੀਪ ਸਿੰਘ ਕਰੀਵਾਲੇ ਆਪਣੇ ਜੱਥੇ ਸਮੇਤ ਹੱਲੇ ਦਾ ਦੀਵਾਨ ਸਜਾ ਰਹੇ ਸਨ। ਸਾਧ ਸੰਗਤ ਵੱਡੀ ਗਿਣਤੀ ਵਿਚ ਇਸ ਮੇਲੇ ਵਿਚ ਹਾਜ਼ਰੀ ਭਰ ਰਹੀ ਸੀ। ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਦੇਣ ਤੇ ਹਰ ਇਕ ਮਾਈ-ਭਾਈ ਦੇ ਚਿਹਰੇ ਤੇ ਖੁਸ਼ੀ ਅਤੇ ਖੇੜਾ ਸੀ। ਮੇਲੇ ਦੀ ਸਮਾਪਤੀ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਪਿੰਡ ਖੈਰਪੁਰ ਅਵਤਾਰ ਸਿੰਘ, ਕ੍ਰਿਪਾਲ ਸਿੰਘ ਪੁੱਤਰ ਗੁਰਬਚਨ ਸਿੰਘ ਸੰਧੂ ਦੇ ਘਰ ਦਰਸ਼ਨ ਦੇਣ ਦੀ ਕਿਰਪਾ ਕੀਤੀ। ਸਿਰਸਾ ਤੋਂ ਵਾਪਸ ਸੰਤ ਨਗਰ ਵਿਖੇ ਗੁਰਦੇਵ ਇਨਡੋਰ ਸਟੇਡੀਅਮ ਵਿਖੇ ਸਾਧ ਸੰਗਤ ਵਲੋਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਕਾਸ਼ ਪੁਰਬ ਬਸੰਤ ਦੇ ਮੇਲੇ ਸਮੇਂ ਸ੍ਰੀ ਸਤਿਗੁਰੂ ਜੀ ਨੇ ਦਰਸ਼ਨ ਦੇਣ ਦੀ ਕਿਰਪਾ ਕੀਤੀ। ਸੂਬਾ ਸੰਦੀਪ ਸਿੰਘ ਨੇ ਜੱਥੇ ਸਮੇਤ ਦੀਵਾਨ ਸਜਾਇਆ ਉਪਰੰਤ ਹਜ਼ੂਰੀ ਰਾਗੀ ਬਲਵੰਤ ਸਿੰਘ ਦੇ ਜੱਥੇ ਵਲੋਂ ਗੁਰਬਾਣੀ ਦਾ ਕੀਰਤਨ ਕੀਤਾ ਗਿਆ ਗੁਰੂ ਅਰਜਨ ਦੇਵ ਜੀ ਦਾ ਸ਼ਬਦ ਸੀ "ਗੁਰ ਪ੍ਰਸਾਦਿ ਸਹਜ ਘਰੁ ਪਾਇਆ ਮਿਟਿਆ ਅੰਧੇਰਾ ਚੰਦ ਚੜਿਆ" ਕੀਰਤਨ ਉਪਰੰਤ ਸ. ਗੁਰਚਰਨ ਸਿੰਘ ਚੰਨ ਅਤੇ ਸ. ਸੁਵਰਨ ਸਿੰਘ ਵਿਰਕ ਨੇ ਆਪਣੇ ਵੀਚਾਰ ਰੱਖੇ। ਗੁਰਲਾਲ ਸਿੰਘ ਸ੍ਰੀ ਭੈਣੀ ਸਾਹਿਬ ਨੇ ਸਤਿਗੁਰੂ ਰਾਮ ਸਿੰਘ ਜੀ ਦੇ ਪਰਉਪਕਾਰਾਂ ਦਾ ਵਰਨਣ ਕੀਤਾ। ਸਮਾਪਤੀ ਉਪਰੰਤ ਗੁਰੂ ਹਰੀ ਸਿੰਘ ਕਾਲਜ ਦੇ ਸਟੇਡੀਅਮ ਵਿਖੇ ਖਿਡਾਰੀਆਂ ਨੂੰ ਨਿਵਾਜਿਆ ਗਿਆ। ਪਿੰਡ ਅਮਰਾਸਰ ਵਿਖੇ ਸ. ਹਰਦਿਆਲ ਸਿੰਘ ਪੁੱਤਰ ਸ. ਪੂਰਨ ਸਿੰਘ ਘੁੰਮਣ ਦੇ ਗ੍ਰਿਹਿ ਵਿਖੇ ਦਰਸ਼ਨ ਦਿੱਤੇ ਜਿਥੇ ਅਖੰਡ ਪਾਠਾਂ ਦਾ ਪ੍ਰਵਾਹ ਚੱਲ ਰਿਹਾ ਸੀ। ਸਵੇਰ ਤੱਕ ਮਿੱਥੇ ਹੋਏ ਟੀਚੇ ਮੁਤਾਬਿਕ 25 ਅਖੰਡ ਪਾਠ ਪੂਰੇ ਹੋਏ ਸਨ। ਇਥੇ ਹੀ ਜਲ ਪਾਣੀ ਛਕਣ ਉਪਰੰਤ ਰਾਤ ਮਸਤਾਨ ਗੜ੍ਹ ਡੇਰੇ ਆਣ ਵਿਸ਼ਰਾਮ ਕੀਤਾ।

**ਮਿਤੀ 21 ਜਨਵਰੀ 2026 ਦਿਨ ਬੁੱਧਵਾਰ-** ਸਵੇਰੇ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਹਜ਼ੂਰੀ ਰਾਗੀ ਬਲਵੰਤ ਸਿੰਘ, ਹਰਪ੍ਰੀਤ ਸਿੰਘ ਸੋਨੂੰ ਅਤੇ ਸਰਮੁੱਖ ਸਿੰਘ ਨੇ ਪਿੰਡ ਅਮਰਾਸਰ ਕਲਾਂ ਵਿਖੇ ਸ. ਹਰਦਿਆਲ ਸਿੰਘ ਪੁੱਤਰ ਸ. ਪੂਰਨ ਸਿੰਘ ਦੇ ਗ੍ਰਿਹਿ ਵਿਖੇ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਕੀਤਾ। ਤਿੰਨ ਅਖੰਡਾ ਪਾਠਾਂ ਦੇ ਭੋਗ ਆਸਾ ਦੀ ਵਾਰ ਦੀ ਸਮਾਪਤੀ ਉਪਰੰਤ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਪਾਏ ਗਏ। ਇੱਕ ਅਖੰਡ ਪਾਠ ਦਾ ਭੋਗ ਕਾਕਾ ਹਰੀ ਸਿੰਘ ਪੁੱਤਰ ਹਰਨਾਮ ਸਿੰਘ ਅਤੇ ਇੱਕ ਅਖੰਡ ਪਾਠ ਦਾ ਭੋਗ ਹਰਪ੍ਰੀਤ ਸਿੰਘ ਪੁੱਤਰ ਹਰਸਾ ਸਿੰਘ ਨੂੰ ਗੁਰਸਿੱਖੀ ਦੀ ਦਾਤ ਲਈ ਅਤੇ ਇੱਕ ਅਖੰਡ ਪਾਠ ਦਾ ਭੋਗ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਚੜ੍ਹਦੀ ਕਲਾ ਲਈ ਪਾਇਆ ਗਿਆ। ਭੋਗ ਉਪਰੰਤ ਸ. ਹਰਦਿਆਲ ਸਿੰਘ ਦੀ ਪੋਤਟੀ ਹਰਬੰਸ ਕੌਰ ਪੁੱਤਰੀ ਹਰਸਾ ਸਿੰਘ ਨੇ ਕਵਿਤਾ ਸੁਣਾਈ। ਸ੍ਰੀ ਸਤਿਗੁਰੂ ਜੀ ਨੇ ਪਵਿੱਤਰ ਉਪਦੇਸ਼ ਦੀ ਕਿਰਪਾ ਕਰਦੇ ਹੋਏ ਹੁਕਮ ਕੀਤਾ ਕਿ ਸਾਨੂੰ ਸਿੱਖ ਹੋਣ ਦਾ ਮਾਣ ਹੋਣਾ ਚਾਹੀਦਾ ਹੈ। ਅੰਮ੍ਰਿਤ ਵੇਲੇ ਨੂੰ ਸੰਭਾਲੋ ਅਤੇ ਬੱਚਿਆਂ ਨੂੰ ਸਿੱਖੀ ਨਾਲ ਜੋੜੋ। ਮਸਤਾਨਗੜ੍ਹ ਵਿਖੇ ਸ੍ਰੀ ਸਤਿਗੁਰੂ ਜੀ ਦੇ ਹਜ਼ੂਰ ਬਸੰਤ ਸਿੰਘ ਪੁੱਤਰ ਬਲਜੀਤ ਸਿੰਘ ਅਤੇ ਲੜਕੀ ਬੀਬੀ ਕਰਮਜੀਤ ਕੌਰ ਪੁੱਤਰੀ ਭੁਪਿੰਦਰ ਸਿੰਘ ਸੰਤ ਨਗਰ ਤੋਂ ਅਨੰਦ ਕਾਰਜ ਹੋਇਆ। ਸ੍ਰੀ ਸਤਿਗੁਰੂ ਜੀ ਨੇ ਕਰੀਵਾਲਾ ਪਿੰਡ ਵਿਖੇ ਜਸਬੀਰ ਸਿੰਘ ਪੁੱਤਰ ਸੂਰਤਾ ਸਿੰਘ ਦੇ ਘਰ ਬੀਬੀ ਸਿਮਰਜੀਤ ਕੌਰ ਨੂੰ ਦਰਸ਼ਨ ਦਿਤੇ। ਕਰੀਵਾਲਾ ਵਿਖੇ ਹੀ ਸ. ਬਲਦੇਵ ਸਿੰਘ ਬਾਜਵਾ ਪੁੱਤਰ ਸ. ਕਰਮ ਸਿੰਘ ਦੇ ਗ੍ਰਿਹਿ ਵਿਖੇ ਦਰਸ਼ਨ ਦਿੱਤੇ। ਸੰਤ ਨਗਰ ਵਿਖੇ ਸ. ਗੁਰਦੀਪ ਸਿੰਘ ਬਾਈ ਹਾਕੀਵਾਲਾ ਦੀ ਮਾਤਾ ਪ੍ਰੀਤਮ ਕੌਰ ਪਤਨੀ ਸ. ਜਸਵੰਤ ਸਿੰਘ ਨੂੰ ਦਰਸ਼ਨ ਦੇਣ ਦੀ ਕਿਰਪਾ ਕੀਤੀ। ਇਥੇ ਹੀ ਸ੍ਰੀ ਸਤਿਗੁਰੂ ਜੀ ਨੇ ਸ੍ਰੀ ਭੈਣੀ ਸਾਹਿਬ ਵਾਪਸੀ ਲਈ ਚਾਲੇ ਪਾਏ ਅਤੇ ਰਸਤੇ ਵਿਚ ਲੁਧਿਆਣਾ ਸ਼ਹਿਰ ਵਿਖੇ ਗੁਰਦੁਆਰਾ ਨਾਨਕਸਰ ਸਮਰਾਲਾ ਚੌਂਕ ਵਿਖੇ ਬਾਬਾ ਪਰਮੇਸ਼ਰ ਦੇ ਭਾਣੇ ਦੀ ਵਿਚਾਰ ਗੋਸ਼ਟੀ ਹੋਈ ਅਤੇ ਵਾਪਸ ਸ੍ਰੀ ਭੈਣੀ ਸਾਹਿਬ ਆਣ ਰਾਤ ਵਿਸ਼ਰਾਮ ਕੀਤਾ।

**ਸੂਬਾ ਬਲਵਿੰਦਰ ਸਿੰਘ ਝੱਲ**

........................................................

## ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਪਿੰਡ ਭੂਰੇਗਿੱਲ ਵਿਖੇ ਮੇਲਾ

ਜੁੱਗ ਪਲਟਾਉ ਰਹਿਬਰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਕਾਸ਼ ਪੁਰਬ, ਬਸੰਤ ਪੰਚਮੀ ਦੇ ਮੇਲੇ ਜੋ ਨਾਮਧਾਰੀ ਸਾਧ ਸੰਗਤ ਵੱਲੋਂ ਆਪੋ-ਆਪਣੇ ਇਲਾਕਿਆਂ ਵਿਚ ਮਨਾਏ ਜਾ ਰਹੇ ਹਨ। ਇਸੇ ਹੀ ਲੜੀ ਦੇ ਅਧੀਨ ਜ਼ਿਲ੍ਹਾ ਅੰਮ੍ਰਿਤਸਰ ਦੇ ਇਲਾਕੇ ਵਿਚ ਬਸੰਤ ਦਾ ਮੇਲਾ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਹਜ਼ੂਰੀ ਵਿਚ ਪਿੰਡ ਭੁਰੇ ਗਿੱਲ ਵਿਖੇ ਸ. ਕਰਨੈਲ ਸਿੰਘ ਪੁੱਤਰ ਸ. ਕਿਸ਼ਨ ਸਿੰਘ ਦੇ ਸਮੁੱਚੇ ਪਰਿਵਾਰ ਵਲੋਂ

ਇਲਾਕਾ ਨਿਵਾਸੀ ਸਾਧ ਸੰਗਤ ਦੇ ਸਹਿਯੋਗ ਨਾਲ ਬੜੀ ਹੀ ਧੂਮ-ਧਾਮ ਨਾਲ ਮਨਾਇਆ ਗਿਆ। ਜਿਸ ਵਿਚ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਮਿਤੀ 20 ਫਰਵਰੀ 2026 ਦਿਨ ਸ਼ੁੱਕਰਵਾਰ ਨੂੰ ਬੰਗਲੌਰ ਤੋਂ ਚੱਲ ਕੇ ਹਵਾਈ ਸਫਰ ਰਾਹੀਂ ਅੰਮ੍ਰਿਤਸਰ ਦੇ ਗੁਰੂ ਰਾਮਦਾਸ ਹਵਾਈ ਅੱਡੇ ਤੇ ਆਣ ਦਰਸ਼ਨ ਦਿੱਤੇ। ਇਥੋਂ ਹੀ ਅੰਮ੍ਰਿਤਸਰ ਜ਼ਿਲ੍ਹੇ ਦੇ ਸ਼ਹਿਰ ਅਜਨਾਲਾ ਵਿਖੇ ਭਗਤਨਾਮਦੇਵ ਕਲੋਨੀ ਸ. ਹਰਪ੍ਰੀਤ ਸਿੰਘ ਦੀ ਧਰਮ ਪਤਨੀ ਬੀਬੀ ਹਰਪ੍ਰੀਤ ਕੌਰ ਦੇ ਚੜ੍ਹਾਈ ਕਰਨ ਤੇ ਪਰਿਵਾਰ ਨੂੰ ਦਰਸ਼ਨ ਦੇਣ ਦੀ ਕਿਰਪਾ ਕੀਤੀ। ਇਥੋਂ ਹੀ ਪਿੰਡ ਭੂਰੇਗਿੱਲ ਵਿਖੇ ਨਾਮਧਾਰੀ ਪੰਥ ਦੇ ਸੰਤ ਲਾਲ ਸਿੰਘ ਭੂਰੇਗਿੱਲ ਦੇ ਪਰਿਵਾਰ ਵਲੋਂ ਅੱਜ ਦਾ ਮੇਲਾ ਕਰਵਾਇਆ ਜਾ ਰਿਹਾ ਸੀ। ਇਲਾਕਾ ਨਿਵਾਸੀ ਸਾਧ ਸੰਗਤ ਹੁੰਮਹੁਮਾ ਕੇ ਪਹੁੰਚੀ ਹੋਈ ਸੀ। ਸ. ਕਰਨੈਲ ਸਿੰਘ ਦੀ ਲੜਕੀ ਬੀਬੀ ਮਨਦੀਪ ਕੌਰ ਪਤਨੀ ਸ. ਅਵਤਾਰ ਸਿੰਘ ਦੇ ਗ੍ਰਹਿ ਵਿਖੇ ਪ੍ਰਸ਼ਾਦ ਪਾਣੀ ਛਕਣ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਪੰਡਾਲ ਵਿਚ ਦਰਸ਼ਨ ਦਿੱਤੇ ਤਾਂ ਜਥੇ. ਨਿਸ਼ਾਨ ਸਿੰਘ ਦਿੱਲੀ ਦੀਵਾਨ ਸਜਾ ਰਹੇ ਸਨ। ਪਿੰਡ ਭੂਰੇਗਿੱਲ ਦੇ ਸਰਪੰਚ ਸ. ਜਸਵੰਤ ਸਿੰਘ ਅਤੇ ਖੁਸ਼ਪਾਲ ਸਿੰਘ ਪੁੱਤਰ ਸ. ਕੁਲਦੀਪ ਸਿੰਘ ਧਾਲੀਵਾਲ ਨੂੰ ਸਿਰੋਪਾਉ ਦੇ ਕੇ ਨਿਵਾਜਿਆ। ਇਸ ਸਾਮਗਮ ਵਿਚ ਜ. ਬਿਕਰਮਜੀਤ ਸਿੰਘ, ਨਾਨਕ ਸਿੰਘ, ਕੁਲਦੀਪ ਸਿੰਘ ਦਾਤੇਵਾਲ, ਸੂਬਾ ਬਲਵਿੰਦਰ ਸਿੰਘ ਚੱਕਯਕੂਬ, ਜ. ਸੁਰਜੀਤ ਸਿੰਘ ਮੁਸਤਫਾਪੁਰ, ਸੂਬਾ ਅਜੀਤ ਸਿੰਘ ਬਟਾਲਾ, ਸੰਤ ਹਰਦੇਵ ਸਿੰਘ ਬਿਜਲੀਵਾਲ, ਸੂਬਾ ਸੰਦੀਪ ਸਿੰਘ ਕਰੀਵਾਲਾ, ਜ. ਨਿਸ਼ਾਨ ਸਿੰਘ ਦਿੱਲੀ ਅਤੇ ਸੰਤ ਨਿਸ਼ਾਨ ਸਿੰਘ ਕਥਾਵਾਚਕ ਸ੍ਰੀ ਭੈਣੀ ਸਾਹਿਬ ਨੇ ਆਪਣੀ ਹਾਜਰੀ ਲਗਵਾਈ। ਸ. ਹਰਪ੍ਰਤਾਪ ਸਿੰਘ ਅਜਨਾਲਾ Ex. M.L.A. ਨੂੰ ਵੀ ਸ੍ਰੀ ਸਤਿਗੁਰੂ ਜੀ ਨੇ ਸਿਰੋਪਾਉ ਦੇ ਕੇ ਨਿਵਾਜਿਆ। ਕਾਕਾ ਅਤਰ ਸਿੰਘ ਪੁੱਤਰ ਸ. ਅੰਮ੍ਰਿਤਪਾਲ ਸਿੰਘ ਨੇ ਸ੍ਰੀ ਸਤਿਗੁਰੂ ਜੀ ਦੇ ਹਜ਼ੂਰ ਸੋਹਣਿਆਂ ਦੇ ਸੋਹਣੇ ਸੁਲਤਾਨ ਗੁਰੂ ਰਾਮ ਸਿੰਘ ਸੁਣਾਈ। ਸ੍ਰੀ ਸਤਿਗੁਰੂ ਜੀ ਨੇ ਪਵਿੱਤਰ ਉਪਦੇਸ਼ ਦੀ ਕਿਰਪਾ ਕੀਤੀ, ਹੁਕਮ ਕੀਤਾ ਕਿ ਇਹ ਮੇਲੇ ਸਾਡੀ ਪਾਠਸ਼ਾਲਾ ਹਨ। ਅਸੀਂ ਇਥੋਂ ਲੈ ਕੇ ਕੀ ਜਾਣਾ ਹੈ। ਸ੍ਰੀ ਸਤਿਗੁਰੂ ਜੀ ਨੇ ਸੰਤ ਲਾਲ ਸਿੰਘ ਭੂਰੇ ਗਿੱਲ ਦੀ ਯਾਦ ਵਿਚ ਬਣੇ ਸਥਾਨ ਤੇ ਦਰਸ਼ਨ ਦਿੱਤੇ ਅਤੇ ਸਾਰੇ ਪਰਿਵਾਰਾਂ ਨੇ ਸ੍ਰੀ ਸਤਿਗੁਰੂ ਜੀ ਨੂੰ ਸ਼ਰਧਾ ਸਹਿਤ ਨਮਸਕਾਰ ਕੀਤੀ। ਵਾਪਸੀ ਸਮੇਂ ਸ੍ਰੀ ਸਤਿਗੁਰੂ ਜੀ ਨੇ ਗੁਰਚਰਨ ਸਿੰਘ ਪੁੱਤਰ ਸ. ਗੁਰਮੁੱਖ ਸਿੰਘ ਦੇ ਗ੍ਰਹਿ ਅਟਾਰੀ ਵਿਖੇ ਮਾਤਾ ਸੁਰਜੀਤ ਕੌਰ ਦੇ ਚੜ੍ਹਾਈ ਕਰਨ ਤੇ ਪਰਿਵਾਰ ਨੂੰ ਦਰਸ਼ਨ ਦਿੱਤੇ। ਇਥੋਂ ਹੀ ਨੇੜੇ ਬਾਘਾ ਬਾਡਰ ਤੇ ਜਾ ਕੇ ਭਾਰਤ, ਪਾਕਿਸਤਾਨ ਦਾ ਬਾਰਡਰ ਵੀ ਦੇਖਿਆਂ ਤੇ ਵਾਪਸੀ ਕੀਤੀ ਤੇ ਕਪੂਰਥਲਾ ਜ਼ਿਲ੍ਹੇ ਦੇ ਪਿੰਡ ਨਡਾਲਾ ਵਿਖੇ ਸ. ਦਇਆ ਸਿੰਘ ਦੇ ਘਰ ਦਰਸ਼ਨ ਦਿੱਤੇ।

**ਸੂਬਾ ਬਲਵਿੰਦਰ ਸਿੰਘ ਝੱਲ**

.....................................................

## ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਪਿੰਡ ਕਟਾਰੀਆਂ ਵਿਖੇ ਮੇਲਾ

ਜ਼ਿਲ੍ਹਾਂ ਨਵਾਂ ਸ਼ਹਿਰ ਦੀ ਸਾਧ ਸੰਗਤ ਵਲੋਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਕਾਸ਼ ਪੁਰਬ ਬਸੰਤ ਦਾ ਮੇਲਾ ਪਿੰਡ ਕਟਾਰੀਆਂ ਵਿਖੇ ਸ੍ਰੀ ਸਤਿਗੁਰੂ ਜੀ ਦੀ ਪਾਵਨ ਹਜ਼ੂਰੀ ਵਿਚ ਮਿਤੀ 23 ਫਰਵਰੀ 2026 ਦਿਨ ਸੋਮਵਾਰ ਨੂੰ ਮਨਾਇਆ ਗਿਆ। ਇਲਾਕਾ ਨਿਵਾਸੀ ਸਾਧ ਸੰਗਤ ਅਤੇ ਫਤਹਿ ਸਿੰਘ ਪੁੱਤਰ ਸ. ਪ੍ਰੀਤਮ ਸਿੰਘ ਵਸੀ ਪਿੰਡ ਕਟਾਰੀਆਂ ਵੱਲੋਂ ਅਰਜ਼ ਕਰਨ ਤੇ ਸ੍ਰੀ ਸਤਿਗੁਰੂ ਜੀ ਨੇ ਮੇਲੇ ਵਿਚ ਦਰਸ਼ਨ ਦੇਣ ਦੀ ਕਿਰਪਾ ਕੀਤੀ। ਸਾਧ ਸੰਗਤ ਅਤੇ ਨਗਰ ਨਿਵਾਸੀਆਂ ਵੱਲੋਂ ਫੁੱਲਾਂ ਦੇ ਗੁਲਦਸਤੇ ਭੇਂਟ ਕਰਕੇ ਸ੍ਰੀ ਸਤਿਗੁਰੂ ਜੀ ਦਾ ਹਾਰਦਿਕ ਸਵਾਗਤ ਕੀਤਾ ਗਿਆ। ਪੰਡਾਲ ਵਿਚ ਦਰਸ਼ਨ ਦੇਣ ਸਮੇਂ ਕਵੀਸ਼ਰ ਗੁਰਸੇਵਕ ਸਿੰਘ ਆਪਣੇ ਜੱਥੇ ਸਮੇਤ ਕਵੀਸ਼ਰੀ ਪ੍ਰਸੰਗ ਪੇਸ਼ ਕਰ ਰਹੇ ਸਨ। ਉਪਰੰਤ ਸੂਬਾ ਸੰਦੀਪ ਸਿੰਘ ਜੀ ਕਰੀਵਾਲਾ ਨੇ ਆਪਣੇ ਜਥੇ ਸਮੇਤ ਹੱਲੇ ਦਾ ਦੀਵਾਨ ਸਜਾਇਆ ਅਤੇ ਸ੍ਰੀ ਸਤਿਗੁਰੂ ਰਾਮ ਸਿੰਘ ਦੁਆਰਾ ਕੀਤੇ ਪਰਉਪਕਾਰ ਜੋ ਸਮੁੱਚੀ ਮਾਨਵਤਾ ਲਈ ਕੀਤੇ ਸੁਣਾ ਰਹੇ ਸਨ। ਇਲਾਕਾ ਨਿਵਾਸੀ ਸਾਧ ਸੰਗਤ ਹੁੰਮ-ਹੁੰਮਾ ਕੇ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਕਰਨ ਅਤੇ ਮੇਲੇ ਵਿਚ ਹਾਜ਼ਰੀ ਭਰਨ ਲਈ ਪਹੁੰਚੀ ਹੋਈ ਸੀ। ਮੇਲੇ ਦੀ ਸਮਾਪਤੀ ਸਮੇਂ ਸ੍ਰੀ ਸਤਿਗੁਰੂ ਜੀ ਨੇ ਹਰਦੀਪ ਸਿੰਘ ਪੁੱਤਰ ਗੁਰਮੇਜ ਸਿੰਘ ਅਤੇ ਗੁਰਦੇਵ ਸਿੰਘ ਪੁੱਤਰ ਸ. ਪੂਰਨ ਸਿੰਘ ਦੇ ਗ੍ਰਹਿ ਵਿਖੇ ਚਰਨ ਪਾਉਣ ਦੀ ਕਿਰਪਾ ਕੀਤੀ। ਇਥੇ ਹੀ ਸ੍ਰੀ ਸਤਿਗੁਰੂ ਜੀ ਨੇ ਕਾਫੀ ਸਫਰ ਤਹਿ ਕਰਕੇ ਜ਼ਿਲ੍ਹਾ ਹੁਸਿਆਰਪੁਰ ਦੇ ਪਿੰਡ ਖੇੜਾ ਵਿਖੇ ਸ. ਸਰਬਜੀਤ ਸਿੰਘ, ਲਵਦੀਪ ਸਿੰਘ ਪੁੱਤਰ ਸ. ਗੁਰਮੋਹਨ ਸਿੰਘ ਦੇ ਗ੍ਰਹਿ ਵਿਖੇ ਦਰਸ਼ਨ ਦੇਣ ਦੀ ਕਿਰਪਾ ਕੀਤੀ। ਇਥੇ ਹੀ ਵਾਇਆ

ਫਗਵਾੜਾ, ਲੁਧਿਆਣਾ ਹੁੰਦੇ ਹੋਏ ਸ੍ਰੀ ਭੈਣੀ ਸਾਹਿਬ ਲਈ ਵਾਪਸੀ ਕੀਤੀ। **ਸੂਬਾ ਬਲਵਿੰਦਰ ਸਿੰਘ ਝੱਲ**

..........................................................

## ਸਾਡਾ ਅਨਮੋਲ ਵਿਰਸਾ
## ਬੱਬਰ ਅਕਾਲੀ ਲਹਿਰ

ਸਾਡੇ ਮੁਲਕ ਦੀ ਆਜ਼ਾਦੀ ਲਈ ਉੱਠੀਆਂ ਵੰਨ-ਸੁਵੰਨੀਆਂ ਲਹਿਰਾਂ ਵਿੱਚ ਬੱਬਰ ਅਕਾਲੀ ਲਹਿਰ ਦੀ ਸ਼ਹਾਦਰ ਸ਼ਤਾਬਦੀ (1926-2026) ਮੌਕੇ ਸ਼ੁੱਕਰਵਾਰ ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਵੱਲੋਂ ਇਸ ਲਹਿਰ ਦੇ ਇਤਿਹਾਸਕ ਪੱਖਾਂ ਅਤੇ ਉਸ ਦੀ ਮੁੱਲਵਾਨ ਪ੍ਰਸੰਗਕਤਾ ਉਪਰ ਵਿਸ਼ੇਸ਼ ਵਿਚਾਰ ਚਰਚਾ ਸਮਾਗਮ ਕੀਤਾ ਗਿਆ। ਇਸ ਸਮਾਗਮ ਸੰਬੰਧੀ ਮੁੱਢਲੇ ਸ਼ਬਦ ਸਾਂਝੇ ਕਰਦਿਆਂ ਕਮੇਟੀ ਦੇ ਜਨਰਲ ਸਕੱਤਰ ਗੁਰਮੀਤ ਨੇ ਕਿਹਾ ਕਿ 2026 ਦਾ ਪੂਰਾ ਭਰਾ ਚੱਲਣ ਵਾਲੇ ਬੱਬਰ ਅਕਾਲੀ ਲਹਿਰ ਸ਼ਤਾਬਦੀ ਨੂੰ ਸਮਰਪਿਤ ਸਮਾਗਮਾਂ ਦੀ ਸਿਖਰ ਹੋਏਗਾ, ਪਹਿਲੀ ਨਵੰਬਰ ਨੂੰ ਹੋਣ ਵਾਲਾ ਮੇਲਾ ਗ਼ਦਰੀ ਬਾਬਿਆਂ ਦਾ। ਉਨ੍ਹਾਂ ਕਿਹਾ ਕਿ ਅੱਜ 27 ਫਰਵਰੀ ਨੂੰ ਇਸ ਮੁਹਿੰਮ ਦਾ ਆਗਾਜ਼ ਸਮਾਰੋਹ ਉਸ ਇਤਿਹਾਸਕ ਦਿਹਾੜੇ 'ਤੇ ਰੱਖਿਆ ਗਿਆ ਹੈ, ਜਿਸ ਦਿਨ 27 ਫਰਵਰੀ 1926 ਨੂੰ ਕੇਂਦਰੀ ਜੇਲ੍ਹ ਲਾਹੌਰ ਵਿੱਚ ਛੇ ਬੱਬਰ ਦੇਸ਼-ਭਗਤਾਂ ਨੂੰ ਫਾਂਸੀ ਲਗਾਇਆ ਗਿਆ ਸੀ। ਸਮਾਗਮ ਮੌਕੇ ਕਮੇਟੀ ਦੇ ਪ੍ਰਧਾਨ ਕੁਲਵੰਤ ਸਿੰਘ ਸੰਧੂ, ਜਨਰਲ ਸਕੱਤਰ ਗੁਰਮੀਤ ਸਿੰਘ, ਦੋਵੇਂ ਵਕਤਾ ਕਮੇਟੀ ਮੈਂਬਰ ਸੁਵਰਨ ਸਿੰਘ ਵਿਰਕ, ਕਮੇਟੀ ਦੇ ਮੀਤ ਪ੍ਰਧਾਨ ਡਾ. ਪਰਮਿੰਦਰ ਅਤੇ ਸੱਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਮੰਚ 'ਤੇ ਸੁਸ਼ੋਭਤ ਸਨ। ਸੁਵਰਨ ਸਿੰਘ ਵਿਰਕ ਨੇ ਖ਼ਬਰ ਅਕਾਲੀ ਲਹਿਰ ਦੀ ਪ੍ਰਸੰਗਕਤਾ' ਵਿਸ਼ੇ 'ਤੇ ਬੋਲਦਿਆਂ ਬੱਬਰ ਅਕਾਲੀ ਲਹਿਰ ਦੇ ਅਣਗੌਲੇ ਇਤਿਹਾਸ ਦੇ ਕਈ ਪੱਖਾਂ ਉੱਪਰ ਰੌਸ਼ਨੀ ਪਾਈ। ਉਨ੍ਹਾਂ ਕਿਹਾ ਕਿ ਬੱਬਰ ਅਕਾਲੀ ਲਹਿਰ ਦੇ ਗਠਨ ਪਿੱਛੋਂ ਉਸ ਵੇਲੇ ਦੇ ਪੰਜਾਬ ਅੰਦਰ ਕਿੰਨੀਆਂ ਹੀ ਥਾਵਾਂ 'ਤੇ ਵਾਪਰੇ ਇੰਤਹਾ ਜ਼ਬਰ ਦੀਆਂ ਘਟਨਾਵਾਂ ਕਾਰਨ ਲੋਕ ਮਨਾਂ ਅੰਦਰ ਉਸਲਵੱਟੇ ਲੈਂਦਾ ਰੋਸ ਸ਼ਾਮਲ ਹੈ, ਜਿਸ ਕਾਰਨ ਸਿੱਧੇ ਨਿਸ਼ਾਨੇ ਦੀ ਮਾਰ ਹੇਠ ਬਰਤਾਨਵੀ ਹਕੂਮਤ ਦੇ ਤਖ਼ਤ ਦੇ ਡੰਡੇ ਬਣਨ ਵਾਲੇ ਜ਼ੈਲਦਾਰਾਂ, ਟੋਡੀਆਂ, ਮੁਖ਼ਬਰਾਂ ਨੂੰ ਲਿਆਂਦਾ ਗਿਆ। ਸੁਵਰਨ ਵਿਰਕ ਨੇ ਕਿਹਾ ਕਿ ਖ਼ਬਰ ਅਕਾਲੀ ਲਹਿਰ ਨੂੰ ਇਕ ਵਿਸ਼ੇਸ਼ ਧਰਮ ਤੱਕ ਸੀਮਤ ਕਰਨ ਅਤੇ ਉਸੇ ਵਿਸ਼ੇਸ਼ ਧਰਮ ਨਾਲੋਂ ਨਿਖੇੜਨ ਲਈ ਵੀ ਯਤਨ ਕੀਤੇ ਗਏ, ਪਰ ਸਚਾਈ ਕਦੇ ਛੁਪ ਜਾਂ ਹਾਰ ਨਹੀਂ ਸਕਦੀ। ਉਨ੍ਹਾਂ ਕਿਹਾ ਕਿ ਰੂਸੀ ਕ੍ਰਾਂਤੀ ਦਾ ਮਾਸਟਰ ਮੋਤਾ ਸਿੰਘ ਵਰਗਿਆਂ ਰਾਹੀਂ ਬੋਲਸਿਜ਼ਮ ਦਾ ਪ੍ਰਭਾਵ ਵੀ ਇਸ ਲਹਿਰ ਨੂੰ ਰੰਗ ਚਾੜ੍ਹਣ ਦਾ ਕੰਮ ਕਰਨ ਲੱਗਾ। ਉਸ ਵੇਲੇ ਬਸਤੀਵਾਦ ਵਿਰੋਧੀ ਲਹਿਰਾਂ ਇੱਕ-ਦੂਜੀ ਲਹਿਰ ਦੀਆਂ ਪੂਰਕ ਸਨ। ਬੱਬਰ ਅਕਾਲੀਆਂ ਦੀ ਦੇਣ ਮਾਨਵਵਾਦੀ, ਸਮਾਨਤਾਪੂਰਕ ਸਮਾਜ ਦੀ ਸਿਰਜਣਾ ਦਾ ਜਮਹੂਰੀਕਰਨ ਕਰਨਾ ਸੀ। ਡਾ. ਪਰਮਿੰਦਰ ਨੂੰ, 'ਫ਼ਿਰਕੂ ਫਾਸੀ ਹੱਲ ਦੀਆਂ ਚੁਣੌਤੀਆਂ ਅਤੇ ਸਾਡੀ ਭੂਮਿਕਾ' ਵਿਸ਼ੇ 'ਤੇ ਬੋਲਦੇ ਹੋਏ ਕਿਹਾ ਕਿ ਸਾਮਰਾਜੀਆਂ ਦੇ ਦੇਸੀ ਸੰਘੀ, ਬਹੁ-ਕੌਮੀ ਕੰਪਨੀਆਂ ਦੇ ਆਰਥਿਕ ਏਜੰਲੇ ਪੂਰੀ ਬੇਸ਼ਰਮੀ ਨਾਲ ਗੋਡਣੀਆਂ ਪਰਨੇ ਹੋ ਕੇ ਭਾਰਤੀ ਲੋਕਾਂ ਉਪਰ ਮੜ੍ਹਨ ਲਈ ਰਾਹ ਪੱਧਰਾ ਕਰਨ ਵਾਸਤੇ ਸਮਾਜ ਅੰਦਰ ਫ਼ਿਰਕੂ ਫਾਸ਼ੀਵਾਦ ਦੀ ਹਨੇਰੀ ਤੇਜ਼ੀ ਨਾਲ ਵਗਾ ਰਹੇ ਹਨ। ਮੌਜੂਦਾ ਭਾਜਪਾ ਹਕੂਮਤ ਦਾ ਮੁੱਖ ਨਿਸ਼ਾਨਾ ਮੁਸਲਮਾਨ, ਇਸਾਈ ਅਤੇ ਕਮਿਊਨਿਸਟ ਨੇ ਆਦਿਵਾਸੀਆਂ ਅਤੇ ਸੰਘਰਸ਼ ਕਰਦੇ ਮੁਲਕ ਦੇ ਕਾਮਿਆਂ, ਪੰਜਾਬ ਅੰਦਰ ਜਿਉਂਦ ਪਿੰਡ ਨੂੰ ਚੋਣਵਾਂ ਨਿਸ਼ਾਨਾ ਬਣਾਇਆ ਜਾਣਾ ਭਵਿੱਖ ਵਿੱਚ ਫੈਲਦੇ ਫਾਸ਼ੀਵਾਦ ਦੇ ਪੰਜਿਆਂ ਦੀ ਖ਼ੂੰਖਾਰ ਤਸ਼ਵੀਰ ਪੇਸ਼ ਕਰਦਾ ਹੈ। ਇਟਲੀ, ਜਰਮਨੀ ਅਤੇ ਫ਼ਲਸਤੀਨ ਵਰਗੇ ਹਾਲਾਤ ਵੱਲ ਲਗਾਤਾਰ ਮੁਲਕ ਨੂੰ ਧੱਕਿਆ ਜਾ ਰਿਹਾ ਹੈ। ਸਾਮਰਾਜੀ ਹੱਲੇ ਦੇ ਸਿਰਜੇ ਅਖੌਤੀ ਰਾਸ਼ਟਰਵਾਦ ਦੇ ਬਦਲ 'ਚ ਮਜ਼ਦੂਰ ਜਮਾਤ ਨੇ ਖਰੇ ਕੌਮੀ ਅਤੇ ਕੌਮਾਂਤਰੀ ਵਰਤਾਰੇ ਦਾ ਸੰਕਲਪ ਉਭਾਰ ਕੇ ਸਾਹਮਣੇ ਲਿਆਂਦਾ ਅਤੇ ਖਰੇ ਕੌਮਾਂਤਰੀਵਾਦ ਨੂੰ ਉਭਾਰਿਆ। ਜਿਵੇਂ ਯਹੂਦੀਆਂ ਨੂੰ ਦੁਸ਼ਮਣ ਦੇ ਤੌਰ ਤੇ ਉਭਾਰਿਆ ਗਿਆ, ਉਸੇ ਤਰ੍ਹਾਂ ਸਾਡੇ ਮੁਲਕ ਅੰਦਰ ਮੁਸਲਮਾਨ ਭਾਈਚਾਰੇ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਇਹ ਰੁਝਾਨ ਸਿਰਫ਼ ਭਾਜਪਾ, ਆਰ. ਐੱਸ. ਐੱਸ. ਦਾ ਹੀ ਨਹੀਂ, ਆਨੰਦ ਮੱਠ ਵਰਗੇ ਨਾਵਲਾਂ ਰਾਹੀਂ ਇਸ ਪ੍ਰਬੰਧ ਦੇ ਰਖੇਲਾਂ ਨੇ ਆਪਣੇ ਸੌੜੇ ਹਿੱਤਾਂ ਦੀ ਪੂਰਤੀ ਦੀ ਪੁੱਠ ਚਾੜ੍ਹੀ। ਸਾਮਰਾਜੀ ਸਰਮਾਏ ਦੇ ਹੁਕਮਾਂ ਦੀ ਪਾਲਣਾ ਕਰਦਾ ਇੱਥੋਂ ਦਾ ਫਾਸ਼ੀ ਹੱਲਾ ਲੋਕਾਂ ਖ਼ਿਲਾਫ਼ ਹੈ।

ਇਸ ਲਈ ਜੇ ਅੱਜ ਭਾਜਪਾ ਤੇ ਆਰ.ਐੱਸ.ਐੱਸ. ਜ਼ਿੰਮੇਵਾਰ ਹਨ ਤਾਂ ਇਸ ਦੀ ਨੀਂਹ ਵਿੱਚ 1947 ਸਮੇਂ ਦੇ ਹੁਕਮਰਾਨਾਂ ਦੀ ਮਾਨਸਿਕਤਾ ਅਤੇ ਮੰਤਵ ਸਮੋਏ ਹੋਏ ਨੇ।

ਉਨਾਂ ਕਿਹਾ ਕਿ ਪੰਜਾਬ ਅੰਦਰ ਖ਼ਾਲਿਸਤਾਨੀ ਦਹਿਸ਼ਤ-ਗਰਦੀ ਵਿਰੁੱਧ ਇੱਕਜੁੱਟ ਸੰਘਰਸ਼ ਪੰਜਾਬ ਅੰਦਰ ਸਫ਼ਲ ਹੋਇਆ। ਉਨ੍ਹਾਂ ਕਿਹਾ ਕਿ ਕੁਦਰਤੀ ਵਸੀਲਿਆਂ ਉੱਪਰ ਸਾਮਰਾਜੀ ਬਹੁਕੌਮੀ ਕੰਪਨੀਆਂ ਦਾ ਜੱਫਾ ਮਜ਼ਬੂਤ ਕੀਤਾ ਜਾ ਰਿਹਾ ਹੈ। ਜੇਕਰ ਇਹ ਕੁਦਰਤੀ ਵਸੀਲੇ ਲੋਕਾਂ ਲਈ ਵਰਤੇ ਜਾਣ ਤਾਂ ਨਾ ਭੁੱਖ ਮਰੀ, ਨਾ ਫ਼ਿਰਕੂ ਫਾਸ਼ੀ ਹੱਲੇ ਹੋਣਗੇ। ਮੁਨਾਫ਼ਿਆਂ ਦੀ ਅੰਨ੍ਹੀ ਦੌੜ ਵਿੱਚ ਮਦਹੋਸ਼ ਭਾਜਪਾ ਹਕੂਮਤ ਸਾਮਰਾਜ ਨੂੰ ਮਜ਼ਬੂਤ ਕਰ ਰਹੀ ਹੈ ਤੇ ਉਹਦੀ ਅਧੀਨਗੀ ਵਾਲਾ ਫਾਸ਼ੀਵਾਦ ਲਿਆ ਰਹੀ ਹੈ।

ਸਮਾਗਮ 'ਚ ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਬੱਬਰ ਅਕਾਲੀ ਲਹਿਰ ਦੇ ਪਿੰਡਾਂ, ਯਾਦਗਾਰੀ ਕਮੇਟੀਆਂ ਦੇ ਨੁਮਾਇੰਦਿਆਂ ਨੂੰ 'ਸਨਮਾਨ ਚਿੰਨ੍ਹ' ਭੇਂਟ ਕਰਕੇ ਅਤੇ ਉਹਨਾਂ ਦੀ ਦੇਣ ਨੂੰ ਸਲਾਮ ਕਰਦੇ ਹੋਏ ਸਨਮਾਨਿਤ ਕੀਤਾ ਗਿਆ। ਮੰਚ ਤੋਂ ਸਨਮਾਨਤ ਹੋਣ ਵਾਲਿਆਂ 'ਚ ਸ਼ਹੀਦ ਵਰਿਆਮ ਸਿੰਘ ਧੁੱਗਾ ਦੇ ਪਿੰਡਾਂ ਆਏ ਮੱਖਣ ਸਿੰਘ, ਸ਼ਹੀਦ ਕਰਤਾਰ ਸਿੰਘ ਚੌਕ ਕਲਾਂ ਤੋਂ ਪ੍ਰਮਿੰਦਰ ਸਿੰਘ, ਸ਼ਹੀਦ ਸੰਤਾ ਸਿੰਘ ਹਰਿਓਂ ਖੁਰਦ (ਲੁਧਿਆਣਾ) ਦੇ ਜਗਰੂਪ ਸਿੰਘ, ਮਾਸਟਰ ਕੁਲਵੰਤ 'ਤਰਕ', ਬੱਬਰ ਮੋਤਾ ਸਿੰਘ ਦੇ ਪਿੰਡ ਪਤਾਰਾ ਤੋਂ ਅਸ਼ੋਕ ਪਤਾਰਾ, ਕਰਮ ਸਿੰਘ ਦੌਲਤਪੁਰ ਦੀ ਸਮਾਰਕ ਵੱਲੋਂ ਜਸਪਾਲ ਜਾਂਡਲੀ, ਰਣਜੀਤ ਸਿੰਘ ਗੜ੍ਹੀ, ਸੁਖਵੀਰ ਸਿੰਘ, ਬੱਬਰ ਕਰਮ ਸਿੰਘ ਦੇ ਨਾਨਕਾ ਪਿੰਡ ਕੌਲਗੜ੍ਹ ਤੋਂ ਦੀਦਾਰ ਸ਼ੇਤਰਾ, ਬੱਬਰ ਅਕਾਲੀ ਹੈਰੀਟੇਜ (ਕੈਨੇਡਾ) ਤੋਂ ਬਲਜਿੰਦਰ ਬੈਂਸ, ਰਾਜਿੰਦਰ ਢਿੱਲੋਂ, ਗੁਰਤੇਜ ਸਿੰਘ, ਗੁਰਦੇਵ ਸਿੰਘ ਬਰਾੜ, ਬੱਬਰ ਕਰਮ ਸਿੰਘ ਝਿੰਗੜ ਦੇ ਪਿੰਡ ਮਲਕੀਤ ਸਿੰਘ ਝਿੰਗੜ, ਬੱਬਰ ਅਕਾਲੀ ਹੈਰੀਟੇਜ (ਕੈਨੇਡਾ) ਤੋਂ ਅਮਰਜੀਤ ਸਿੰਘ ਨਰੰਗ, ਮੱਖਣ ਸਿੰਘ ਅੱਚਰਵਾਲ, ਮਲਕੀਤ ਸਿੰਘ ਤੂਰ, ਗੁਰਮੇਲ ਸਿੰਘ ਸੰਧੂ, ਬੱਬਰ ਸੁਰੈਣ ਸਿੰਘ ਦੌਲਤਪੁਰ, ਸਤਿਜੁਗ ਸੰਪਾਦਕ ਗੁਰਲਾਲ ਸਿੰਘ, ਖਲੀਲ ਖਾਨ, ਅਲਾਵਲਪੁਰ ਤੋਂ ਜਸਵਿੰਦਰ ਸਿੰਘ ਦੌਲਤਪੁਰ ਸ਼ਾਮਲ ਸਨ।

ਪ੍ਰਧਾਨਗੀ ਮੰਡਲ ਦੀ ਤਰਫ਼ੋਂ ਬੋਲਦਿਆਂ ਕਮੇਟੀ ਪ੍ਰਧਾਨ ਕੁਲਵੰਤ ਸਿੰਘ ਸੰਧੂ ਨੇ ਅਪੀਲ ਕੀਤੀ ਕਿ ਇਹ ਵੇਲਾ ਅੱਜ ਤੋਂ ਹੀ ਸ਼ਤਾਬਦੀ ਮੁਹਿੰਮ ਦੀ ਸਫ਼ਲਤਾ ਲਈ ਜੁੱਟ ਜਾਣ ਦਾ ਹੈ। ਉਨ੍ਹਾਂ ਕਿਹਾ ਕਿ ਇਸ ਮੁਹਿੰਮ ਦੀ ਸਿਖ਼ਰ 'ਮੇਲਾ ਗ਼ਦਰੀ ਬਾਬਿਆਂ ਦਾ ਮੌਕੇ ਹਰ ਪੱਖੋਂ ਯੋਗਦਾਨ ਪਾਉਣ ਲਈ ਬੱਬਰ ਅਕਾਲੀ ਸੂਰਮਿਆਂ ਦੇ ਪਿੰਡਾਂ ਨੂੰ ਅੱਗੇ ਆਉਣਾ ਚਾਹੀਦਾ ਹੈ। ਮੰਚ ਸੰਚਾਲਨ ਸੱਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਕੀਤਾ।

**ਨਵਾਂ ਜ਼ਮਾਨਾ ’ਚੋਂ ਧੰਨਵਾਦ ਸਹਿਤ**

## ਲੋਕ ਪੰਚਾਇਤ ਸਿਰਸਾ ਅਤੇ ਅਨੇਕ ਪੰਚਾਇਤਾਂ ਨੇ ਮੁੱਖ ਮੰਤਰੀ ਨੂੰ ਮੰਗ ਪੱਤਰ ਸੌਂਪਿਆ

ਸਿਰਸਾ, 8 ਮਾਰਚ: ਅੱਜ ਡੇਰਾ ਮਸਤਾਨਗੜ੍ਹ ਵਿਖੇ ਹੋਲਾ ਮਹੱਲਾ ਸਮਾਗਮਾਂ ਵਿੱਚ ਪਹੁੰਚੇ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੂੰ ਲੋਕ ਪੰਚਾਇਤ ਸਿਰਸਾ ਦੇ ਸੀਨੀਅਰ ਆਗੂ ਕਾਮਰੇਡ ਸੁਵਰਨ ਸਿੰਘ ਵਿਰਕ ਦੀ ਅਗਵਾਈ ਹੇਠ ਇਲਾਕੇ ਦੇ ਕਈ ਪਿੰਡਾਂ ਦੀਆਂ ਪੰਚਾਇਤਾਂ ਨੇ ਮੰਗ ਪੱਤਰ ਸੌਂਪਿਆ। ਜਿਸ ਰਾਹੀ ਮੰਗ ਕੀਤੀ ਕਿ ਪ੍ਰਦੂਸ਼ਣ ਨੂੰ ਰੋਕਣ ਅਤੇ ਇਲਾਕੇ ਵਿੱਚ ਫੈਲ ਰਹੀਆਂ ਕੈਂਸਰ ਵਰਗੀਆਂ ਗੰਭੀਰ ਬਿਮਾਰੀਆਂ ਤੋਂ ਲੋਕਾਂ ਨੂੰ ਰਾਹਤ ਦੇਣ ਲਈ ਸ਼ੁੱਧੀਕਰਨ ਤੋਂ ਬਾਅਦ ਹੀ ਪਾਣੀ ਨੂੰ ਘੱਗਰ ਨਦੀ ਵਿੱਚ ਪਾਇਆ ਜਾਵੇ, ਘੱਗਰ ਨਦੀ ਅਤੇ ਐਸਜੀਸੀ ਅਤੇ ਐਨਜੀਸੀ ਨਹਿਰਾਂ ਦੇ ਕਿਨਾਰੇ ਵਸੇ ਕਿਸਾਨਾਂ ਲਈ ਸਿੰਚਾਈ ਅਤੇ ਪੀਣ ਵਾਲਾ ਪਾਣੀ ਭਾਖੜਾ ਨਹਿਰ ਤੋਂ ਮੁਹੱਈਆ ਕਰਵਾਇਆ ਜਾਵੇ। ਓਟੂ ਝੀਲ ਅਤੇ ਘੱਗਰ ਦੀ ਸਫਾਈ ਅਤੇ ਖੁਦਾਈ ਕੀਤੀ ਜਾਵੇ ਅਤੇ ਬੰਨ੍ਹਾਂ ਨੂੰ ਮਜ਼ਬੂਤ ਕੀਤਾ ਜਾਵੇ। ਹੜ੍ਹਾਂ ਤੋਂ ਬਚਾਅ ਲਈ ਓਟੂ ਤੋਂ ਰਾਜਸਥਾਨ ਨਹਿਰ ਤੱਕ ਨਦੀ ਦੇ ਦੋਵੇਂ ਪਾਸੇ ਪੱਕੀਆਂ ਸੜਕਾਂ ਅਤੇ ਰੋਸ਼ਨੀ ਦਾ ਪ੍ਰਬੰਧ ਕੀਤਾ ਜਾਵੇ। ਬਰਸਾਤੀ ਨਹਿਰਾਂ ਵਿੱਚ ਲਗਾਏ ਗਏ ਮੋਘਿਆਂ ਨੂੰ ਨਾ ਉਖਾੜਿਆ ਜਾਵੇ। ਉੱਤਰੀ ਘੱਗਰ ਨਹਿਰ ਦੇ ਸ਼ੁਰੂ ਵਿੱਚ ਸਾਈਫਨ ਦਾ ਨਿਰਮਾਣ ਅਤੇ ਅੰਤ ਵਿੱਚ ਘੱਗਰ ਵਿੱਚ ਪਾਣੀ ਦੀ ਸਹੀ ਨਿਕਾਸੀ ਨੂੰ ਯਕੀਨੀ ਬਣਾਇਆ ਜਾਵੇ। ਪਾਣੀ ਨੂੰ ਆਖਰੀ ਖੇਤ ਤੱਕ ਪਹੁੰਚਣ ਲਈ ਖੇਤਰ ਦੀਆਂ ਸਾਰੀਆਂ ਨਹਿਰਾਂ ਦੇ ਖਾਲਿਆਂ ਵਿੱਚ ਪਾਈਪ ਲਾਈਨਾਂ ਵਿਛਾਈਆਂ ਜਾਣ। ਹਰਿਆਣਾ ਵਿੱਚ ਖਾਸ ਕਰਕੇ ਪੰਜਾਬੀ ਬੋਲਣ ਵਾਲੇ ਜ਼ਿਲ੍ਹਿਆਂ ਵਿੱਚ ਤੀਜੀ ਤੋਂ ਦਸਵੀਂ ਜਮਾਤ ਤੱਕ ਪੰਜਾਬੀ ਭਾਸ਼ਾ ਦੀ ਸਿੱਖਿਆ ਲਾਜ਼ਮੀ ਕੀਤੀ ਜਾਵੇ। ਮੁੱਖ ਮੰਤਰੀ ਨੇ ਇਨ੍ਹਾਂ ਸਾਰੀਆਂ ਸਮੱਸਿਆਵਾਂ ਨੂੰ ਜਲਦੀ ਤੋਂ ਜਲਦੀ ਹੱਲ ਕਰਨ ਦਾ ਭਰੋਸਾ ਦਿੱਤਾ।

**ਪੰਜਾਬੀ ਸਹਿਜ ਟਾਈਮਜ਼ ਵਿਚੋਂ**

..........................................................

## ਬਸੰਤ ਪੰਚਮੀ ਮੇਲਾ

1 ਫਰਵਰੀ 2026, ਦਿਨ ਐਤਵਾਰ ਅੱਜ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਕਿਰਪਾ ਨਾਲ ਗੁਰਦੁਆਰਾ ਸਿੰਘ ਸਭਾ ਅਕਾਲ ਸਾਹਿਬ ਪ੍ਰਤਾਪ ਨਗਰ ਲੁਧਿਆਣਾ ਵਿਖੇ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਕਾਸ ਪੁਰਬ ਬਹੁਤ ਹੀ ਸ਼ਰਦਾ ਸਹਿਤ ਗੁਰਦੁਆਰਾ ਕਮੇਟੀ ਅਤੇ ਸਾਧ ਸੰਗਤ ਲੁਧਿਆਣਾ ਵੱਲੋਂ ਮਨਾਇਆ ਗਿਆ। ਆਸਾ ਦੀ ਵਾਰ ਦਾ ਕੀਰਤਨ ਰਾਗੀ ਗੁਰਸੇਵਕ ਸਿੰਘ, ਸੁੰਦਰ ਸਿੰਘ, ਸੁਖਵਿੰਦਰ ਸਿੰਘ, ਸਿਮਰਨਜੀਤ ਸਿੰਘ ਅਤੇ ਜੱਥੇ ਵਲੋਂ ਕੀਤਾ ਗਿਆ, ਗੁਰਦੁਆਰਾ ਕਮੇਟੀ ਵਲੋਂ ਹਰ ਸਾਲ ਦੀ ਤਰਾਂ ਅਖੰਡ ਪਾਠ ਦਾ ਭੋਗ ਪਾਇਆ ਗਿਆ (ਅਖੰਡ ਪਾਠ ਦੀ ਸੇਵਾ ਸੰਤ ਭਗਵੰਤ ਸਿੰਘ ਜੀ ਦੇ ਪਰਿਵਾਰ ਵਲੋਂ ਹੋਈ) ਜਥੇਦਾਰ ਸੂਬਾ ਸੰਦੀਪ ਸਿੰਘ ਕਰੀਵਾਲਾ ਨੇ ਜੱਥੇ ਨਾਲ ਹੱਲੇ ਦੇ ਦੀਵਾਨ ਰਾਹੀਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਇਤਿਹਾਸ ਅਤੇ ਉਹਨਾਂ ਵੱਲੋਂ ਕੀਤੇ ਪਰਉਪਕਾਰ ਸੁਣਾਏ। ਸ. ਧਿਆਨ ਸਿੰਘ, ਸ. ਕੁੰਦਨ ਸਿੰਘ (ਪ੍ਰਧਾਨ ਗੁਰਦੁਆਰਾ ਸਾਹਿਬ) ਨੇ ਬਸੰਤ ਪੰਚਮੀ ਦੀਆਂ ਵਧਾਈਆਂ ਦਿੰਦੇ ਹੋਏ ਆਈ ਹੋਈ ਸੰਗਤ ਦਾ ਧੰਨਵਾਦ ਕੀਤਾ।

.....................................................

## ਵਿਸ਼ਵ ਸ਼ਾਤੀ ਲਈ ਸ੍ਰੀ ਅਖੰਡ ਪਾਠ ਸਾਹਿਬ

ਚੇਤਿ ਗੋਵਿੰਦੁ ਅਰਾਧੀਐ ਹੋਵੈ ਅਨੰਦੁ ਘਣਾ॥

ਉਪਰੋਕਤ ਤੁਕਾਂ ਸ਼ਹੀਦਾਂ ਦੇ ਸਰਤਾਜ ਪੰਚਮ ਪਾਤਸ਼ਾਹ ਸ੍ਰੀ ਸਤਿਗੁਰੂ ਅਰਜਨ ਦੇਵ ਜੀ ਦੀ ਬਾਣੀ ਬਾਰਾਮਾਹ ਵਿੱਚ ਦਰਜ ਹਨ। ਗੁਰੂ ਜੀ ਫਰਮਾਉਂਦੇ ਹਨ ਕਿ 'ਚੇਤ ਮਹੀਨੇ ਵਿੱਚ ਹਰ ਪਾਸੇ ਫੁਲਵਾੜੀ ਖਿੜ ਉੱਠ ਦੀ ਹੈ, ਉਸ ਵੇਲੇ ਜੇ ਗੋਬਿੰਦ ਦਾ ਭਾਵ ਪਰਮਾਤਮਾ ਦਾ ਨਾਮ ਸਿਮਰੀਏ ਤਾਂ ਬੇਅੰਤ ਆਤਮਕ ਅਨੰਦ ਦੀ ਪ੍ਰਾਪਤੀ ਹੁੰਦੀ। ਨਾਮਧਾਰੀ ਸੰਗਤ, ਬਜੀਦਪੁਰ ਨੇ ਵੀ ਇਸ ਮਾਹ ਤੇ ਨਵੇਂ ਸਾਲ ਨੂੰ ਮੁੱਖ ਰੱਖਦਿਆਂ ਨਾਮਧਾਰੀ ਵਿੱਦਿਅਕ ਜਥਾ, ਪਿੰਡ ਬਜ਼ੀਦਪੁਰ ਦੇ ਸਹਿਯੋਗ ਨਾਲ ਸ੍ਰੀ ਅਖੰਡ ਪਾਠ ਸਾਹਿਬ ਮਿਤੀ 12 ਮਾਰਚ ਨੂੰ ਆਰੰਭ ਕੀਤਾ। ਪਾਠ ਵਿੱਚ ਧੂਪੀਏ ਤੇ ਪਾਠੀਆਂ ਦੀ ਸੇਵਾ ਨਾਮਧਾਰੀ ਵਿੱਦਿਅਕ ਜਥਾ, ਬਜ਼ੀਦਪੁਰ ਦੇ ਨੌਜਵਾਨਾਂ ਵੱਲੋਂ ਕੀਤੀ ਗਈ। ਪਾਠ ਸੰਸਪੂਰਨ ਮਰਿਯਾਦਾ ਨਾਲ ਦੀਪ, ਕੁੰਭ, ਲਲੇਰ ਸਮੇਤ ਕੀਤਾ ਗਿਆ। ਮਿਤੀ 14 ਮਾਰਚ ਦਿਨ ਸ਼ਨੀਵਾਰ ਨੂੰ ਨਵੇਂ ਵਰ੍ਹੇ ਵਾਲੇ ਦਿਨ ਪਾਠ ਦਾ ਭੋਗ ਪਾਇਆ ਗਿਆ। ਉਪਰੰਤ ਬਾਰਾਮਾਹ ਦਾ ਪਾਠ ਕੀਤਾ ਗਿਆ ਬਾਅਦ ਵਿਸ਼ਵ ਸ਼ਾਂਤੀ ਤੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ ਗਈ। ਅਖ਼ੀਰ ਗੁਰੂ ਘਰ ਦੇ ਸਕੱਤਰ ਸੰਤ ਇੰਦਰਜੀਤ ਸਿੰਘ ਵੱਲੋਂ ਸੇਵਾਦਾਰਾਂ ਦਾ ਸਿਰੋਪਾਓ ਦੇਕੇ ਸਨਮਾਨ ਕੀਤਾ ਗਿਆ ਤੇ ਸਭ ਨੂੰ ਨਵੇਂ ਵਰੇ ਦੀਆਂ ਵਧਾਈਆਂ ਦਿੱਤੀਆਂ। ਗੁਰੂ ਕਾ ਲੰਗਰ ਤਿੰਨੋਂ ਦਿਨ ਅਤੁੱਟ ਵਰਤਿਆ।

**ਹਰਸਾਹਿਬ ਸਿੰਘ ਬਜ਼ੀਦਪੁਰ**

.....................................................

## ਪਿੰਡ ਝੱਲ ਵਿਖੇ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ

ਨਾਮਧਾਰੀ ਪੰਥ ਦੇ ਪ੍ਰਸਿੱਧ ਬ੍ਰਹਮ ਗਿਆਨੀ ਮਹਾਤਮਾ ਸੰਤ ਜਗਤ ਸਿੰਘ ਖੰਡੂਵਾਲੀਆਂ ਦੀ ਯਾਦ ਵਿਚ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਉਹਨਾਂ ਦੀ ਯਾਦ ਵਿਚ ਮਨਾਏ ਗਏ ਮੇਲੇ ਸਮੇਂ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਮਿਤੀ 21 ਫਰਵਰੀ 2026 ਦਿਨ ਸ਼ਨੀਵਾਰ ਨੂੰ ਪਿੰਡ ਝੱਲ ਵਿਖੇ ਦਰਸ਼ਨ ਦੇਣ ਦੀ ਕਿਰਪਾ ਕੀਤੀ। ਸੰਤ ਯਾਦਵਿੰਦਰ ਸਿੰਘ ਦੀ ਅਗਵਾਈ ਵਿਚ ਨਗਰ ਨਿਵਾਸੀ ਸਾਧ ਸੰਗਤ ਨੂੰ ਫੁੱਲਾਂ ਦੇ ਹਾਰ ਪਹਿਨਾਹ ਕੇ ਸ੍ਰੀ ਸਤਿਗੁਰੂ ਜੀ ਦਾ ਸੁਆਗਤ ਕੀਤਾ। ਦੀਵਾਨ ਹਾਲ ਵਿਚ ਦਰਸ਼ਨ ਦੇਣ ਸਮੇਂ ਸੰਤ ਯਾਦਵਿੰਦਰ ਸਿੰਘ ਨੇ ਸ੍ਰੀ ਸਤਿਗੁਰੂ ਜੀ ਦੇ ਹਜ਼ੂਰ ਕਥਾ ਕੀਤੀ। ਸ੍ਰੀ ਸਤਿਗੁਰੂ ਜੀ ਨੇ ਪਵਿੱਤਰ ਉਪਦੇਸ਼ ਦੀ ਕਿਰਪਾ ਕੀਤੀ। ਜਿਕਰਯੋਗ ਹੈ ਕਿ ਸੰਤ ਹਰਭਜਨ ਸਿੰਘ ਖੰਡੂਵਾਲੀਆਂ ਦੀ ਅਗਵਾਈ ਅਤੇ ਸੰਤ ਯਾਦਵਿੰਦਰ ਸਿੰਘ ਦੇ ਪ੍ਰਬੰਧ ਹੇਠ ਹਰ ਸਾਲ 1 ਫੱਗਣ ਤੋਂ ਪਵਿੱਤਰ ਗੁਰਬਾਣੀ ਦੇ ਅਖੰਡ ਪਾਠ ਆਰੰਭ ਹੁੰਦੇ ਹਨ। ਲਗਾਤਾਰ 10 ਦਿਨ ਨਾਮਧਾਰੀ ਪੰਥ ਦੇ ਵਿਦਵਾਨ ਕਥਾ, ਕੀਰਤਨ ਅਤੇ ਦੀਵਾਨਾਂ ਰਾਹੀ ਗੁਰੂ ਕਾ ਜੱਸ ਕਰਦੇ ਹਨ। ਪ੍ਰਸ਼ਾਦ ਪਾਣੀ ਛਕਣ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਸੰਤ ਹਰਭਜਨ ਸਿੰਘ ਜੀ ਦੇ ਵੱਡੇ ਭਰਾ ਸੰਤ ਸਤਪਾਲ ਸਿੰਘ ਦੇ ਗ੍ਰਹਿ ਵਿਖੇ ਚਰਨ ਪਾਉਣ ਦੀ ਕਿਰਪਾ ਕੀਤੀ। ਪ੍ਰੋਗਰਾਮ ਦੀ ਸਮਾਪਤੀ ਉਪਰੰਤ ਇਸ ਰੀਪੋਟ ਦੇ ਲੇਖਕ ਸੂਬਾ ਬਲਵਿੰਦਰ ਸਿੰਘ ਝੱਲ ਨੇ ਸ੍ਰੀ ਸਤਿਗੁਰੂ ਜੀ ਦਾ ਦਰਸ਼ਨ ਦੇਣ ਤੇ ਸ਼ੁਕਰਾਨਾ ਕੀਤਾ ਅਤੇ ਸੰਗਤ ਦਾ ਧੰਨਵਾਦ ਕੀਤਾ।

.....................................................

## ਪਿੰਡ ਮੰਗਾਵਾਲੇ ਵਿਖੇ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ

ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਨਾਲ ਬਹੁਤ ਹੀ ਸ਼ਰਧਾ ਅਤੇ ਸਤਿਕਾਰ ਨਾਲ ਪ੍ਰਭ ਭਰਿਆ ਰਿਸਤਾ ਰੱਖਦੇ ਹਨ ਸ. ਨੱਥਾ ਸਿੰਘ ਦਾ ਸਮੁੱਚਾ ਪਰਿਵਾਰ। ਸ. ਨੱਥਾ ਸਿੰਘ ਦੇ ਸਪੁੱਤਰ ਸ. ਬਲਜੀਤ ਸਿੰਘ ਦੇ ਅਰਜ ਕਰਨ ਤੇ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਮਿਤੀ 3 ਫਰਵਰੀ 2026 ਦਿਨ ਮੰਗਲਵਾਰ ਨੂੰ ਉਹਨਾਂ ਦੇ ਨਗਰ ਪਿੰਡ ਮੰਗਾਵਾਲਾ ਜੋ ਕਿ

ਪੰਜਾਬ ਦੇ ਜ਼ਿਲ੍ਹਾ ਮੋਗਾ ਵਿਚ ਪੈਂਦਾ ਹੈ ਵਿਖੇ ਅਖੰਡ ਪਾਠ ਦੇ ਭੋਗ ਸਮੇਂ ਦਰਸ਼ਨ ਦੇਣ ਦੀ ਕਿਰਪਾ ਕੀਤੀ। ਇਥੋਂ ਹੀ ਸੰਤ ਬਾਬਾ ਪ੍ਰਦੀਪ ਸਿੰਘ ਬਧਲੀਕਲਾਂ ਵਾਲੇ ਜੋ ਪਰਿਵਾਰ ਨਾਲ ਨੇੜਤਾ ਰੱਖਦੇ ਹਨ ਪਹੁੰਚੇ ਹੋਏ ਸਨ। ਉਹਨਾਂ ਨੇ ਵੀ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਕਰਕੇ ਖੁਸ਼ੀ ਪ੍ਰਗਟ ਕੀਤੀ। ਨਾਮਧਾਰੀ ਡੇਰਾ ਹਿੰਮਤਪੁਰਾ ਦੇ ਸੰਤ ਬਾਬਾ ਜਸਵੰਤ ਸਿੰਘ ਵੀ ਦਰਸ਼ਨ ਕਰਨ ਲਈ ਪਧਾਰੇ ਹੋਏ ਸਨ। ਅਖੰਡ ਪਾਠ ਦੇ ਭੋਗ ਉਪਰੰਤ ਸ੍ਰੀ ਸਤਿਗੁਰੂ ਜੀ ਦੇ ਹਜ਼ੂਰੀ ਰਾਗੀ ਹਰਵਿੰਦਰ ਸਿੰਘ ਹਿੰਦਾ, ਇਕਬਾਲ ਸਿੰਘ ਤੇ ਈਸ਼ਰ ਸਿੰਘ ਨੇ ਗੁਰਬਾਣੀ ਦਾ ਕੀਰਤਨ ਕੀਤਾ। ਸ਼ਬਦ ਸੀ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਵਡ ਭਾਗੀ ਸਤਿਗੁਰੁ ਪਾਇਆ ਜਿਨ ਜਮ ਕਾ ਪੰਥ ਮਿਟਾਇਆ ਸਾਰੇ ਹੀ ਪਰਿਵਾਰ ਨੇ ਸ਼ਰਧਾ ਅਤੇ ਸਤਿਕਾਰ ਸਹਿਤ ਭੇਟਾ ਧਰ ਸ੍ਰੀ ਸਤਿਗੁਰੂ ਜੀ ਨੂੰ ਨਮਸਕਾਰ ਕੀਤੀ। ਸ. ਗੁਰਪ੍ਰੀਤ ਸਿੰਘ ਪੁੱਤਰ ਬਲਜੀਤ ਸਿੰਘ ਨੇ ਨਵੇਂ ਬਣ ਰਹੇ ਆਪਣੇ ਕੋਲਡ ਸਟੋਰ ਵਿਰਾਸਤ ਕੋਲਡ ਸਟੋਰ ਤੇ ਵੀ ਸ੍ਰੀ ਸਤਿਗੁਰੂ ਜੀ ਦਰਸ਼ਨ ਦੇਣ ਦੀ ਕਿਰਪਾ ਕੀਤੀ। ਏਥੋਂ ਵਾਪਸ ਸ੍ਰੀ ਭੈਣੀ ਸਾਹਿਬ ਲਈ ਚਾਲੇ ਪਾਏ।

**ਸੂਬਾ ਬਲਵਿੰਦਰ ਸਿੰਘ ਝੱਲ**

## ਸੰਤ ਮਹਿੰਦਰ ਸਿੰਘ 'ਬਾਲੀ ਨਗਰ' ਨਹੀਂ ਰਹੇ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਤੋਂ ਵਰੋਸਾਏ ਅਤੇ ਸਤਿਗੁਰੂ ਉਦੇ ਸਿੰਘ ਜੀ ਦੇ ਅਨਿੰਨ ਸੇਵਕ ਸੰਤ ਮਹਿੰਦਰ ਸਿੰਘ 13/02/2026 ਨੂੰ ਸਦੀਵੀ ਵਿਛੋੜਾ ਦੇ ਗਏ। ਉਹਨਾਂ ਦਾ ਅੰਤਿਮ ਸਸਕਾਰ 14//02/2026 ਨੂੰ ਪੰਜਾਬੀ ਬਾਗ (ਦਿੱਲੀ) ਵਿਖੇ ਕੀਤਾ ਗਿਆ। ਸੰਤ ਜੀ ਦੀ ਯਾਦ ਵਿੱਚ ਰੋਜ਼ਾਨਾ ਇਕ ਘੰਟਾ ਨਾਮ ਸਿਮਰਨ ਉਹਨਾਂ ਦੇ ਘਰ ਹੁੰਦਾ ਰਿਹਾ। ਜਿਸ ਵਿਚ ਕ੍ਰਮਵਾਰ ਮਹੰਤ ਪ੍ਰੀਤਮ ਸਿੰਘ, ਜਥੇਦਾਰ ਦਰਸ਼ਨ ਸਿੰਘ, ਜਥੇਦਾਰ ਸਵਰਨ ਸਿੰਘ, ਜਥੇਦਾਰ ਮਨਜੀਤ ਸਿੰਘ, ਰਾਗੀ ਬਸੰਤ ਸਿੰਘ, ਰਾਗੀ ਸਾਜਨ ਸਿੰਘ ਇਤਿਆਦਿ ਜਥੇ ਕਥਾ ਅਤੇ ਕੀਰਤਨ ਰਾਹੀਂ ਸੰਗਤ ਨੂੰ ਨਿਹਾਲ ਕਰਦੇ ਰਹੇ। ਸੰਤ ਜੀ ਨਮਿਤ ਅੰਤਿਮ ਅਰਦਾਸ ਤੇ ਪਾਠ ਦਾ ਭੋਗ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਹਜ਼ੂਰੀ ਵਿੱਚ 10/03/2026 ਨੂੰ ਨਾਮਧਾਰੀ ਗੁਰਦੁਆਰਾ ਰਮੇਸ਼ ਨਗਰ ਵਿਖੇ ਪਾਇਆ ਗਿਆ। ਸਮਾਗਮ ਦੌਰਾਨ ਜਥੇਦਾਰ ਗੁਰਲਾਲ ਸਿੰਘ ਸ੍ਰੀ ਭੈਣੀ ਸਾਹਿਬ ਨੇ " ਵਿਚਿ ਦੁਨੀਆ ਸੇਵ ਕਮਾਈਐ" ਟੇਕ ਲੈਕੇ ਭਾਈ ਘਨਈਆ ਜੀ ਦਾ ਪ੍ਰਸੰਗ ਪੇਸ਼ ਕੀਤਾ। ਉਪਰੰਤ ਦਾਸ ਨੇ ਸੰਤ ਜੀ ਬਾਰੇ ਬੋਲਦਿਆਂ ਦਸਿਆ " ਸੰਤ ਮਹਿੰਦਰ ਸਿੰਘ ਜੀ ਜੱਦੀ ਪੁਸ਼ਤੀ ਨਾਮਧਾਰੀ ਨਹੀਂ ਸਨ। ਜਵਾਨੀ ਵਿੱਚ ਟੀ. ਬੀ ਜੈਸਾ ਭਿਅੰਕਰ ਰੋਗ ਹੋਇਆ ਜਿਸਦਾ ਉਹਨਾਂ ਸਮਿਆਂ ਵਿਚ ਇਲਾਜ ਨਹੀਂ ਸੀ ਹੁੰਦਾ। ਕਾਰੋਬਾਰ ਦੇ ਸੰਬੰਧ ਵਿੱਚ ਪਹਾੜਗੰਜ ਦੇ ਨਾਮਧਾਰੀ ਸਿੱਖ ਗਿਆਨੀ ਮੋਹਨ ਸਿੰਘ ਦੀ ਸੰਗਤ ਹੋਈ ਅਤੇ ਉਹਨਾਂ ਦੇ ਰਾਹੀਂ ਸਤਿਗੁਰੂ ਜਗਜੀਤ ਸਿੰਘ ਜੀ ਕੋਲ ਰਾਮਗੜ੍ਹ ਵਿਖੇ ਅਰਜ਼ ਕੀਤੀ। ਸਤਿਗੁਰੂ ਜੀ ਬਚਨ ਕੀਤਾ ਰੋਜ਼ਾਨਾ ਸਣ ਕੇਸੀ ਇਸ਼ਨਾਨ ਕਰਕੇ ਭਜਨ ਕਰਿਆ ਕਰੋ ਟੀ. ਬੀ ਨਹੀਂ ਰਹੇਗੀ। ਕਿਰਪਾ ਹੋ ਗਈ। ਇਸਤਰਾਂ 1962 ਵਿੱਚ ਇਹ ਪਰਿਵਾਰ ਨਾਮਧਾਰੀ ਬਣਿਆ। ਰਾਗੀ ਬਲਵੰਤ ਸਿੰਘ ਅਤੇ ਹਰਪ੍ਰੀਤ ਸਿੰਘ ਜੀ ਨੇ ਗੁਰਬਾਣੀ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਉਪਰੰਤ ਸ੍ਰੀ ਸਤਿਗੁਰੂ ਜੀ ਨੇ ਆਪਣੇ ਪਾਵਨ ਉਪਦੇਸ਼ ਕਰਦਿਆਂ ਫੁਰਮਾਨ ਕੀਤਾ ਕਿ "ਸੰਤ ਮਹਿੰਦਰ ਸਿੰਘ ਜੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਬਹੁਤ ਪਿਆਰਿਆਂ ਸਿੱਖਾਂ ਵਿੱਚੋ ਸਨ। ਇੱਕ ਸਮਾਂ ਸੀ ਜਦੋਂ ਦਿੱਲੀ ਵਿੱਚ ਕੋਈ ਵੀ ਕੰਮ ਹੁੰਦਾ ਸੀ ਸਾਧ ਸੰਗਤ ਦਾ ਤਾਂ ਉਸ ਲਈ ਇਹਨਾਂ ਨੂੰ ਹੀ ਹੁਕਮ ਹੁੰਦਾ ਸੀ। ਇਹਨਾਂ ਦੇ ਨਾਲ ਸੰਤ ਬਲਵੰਤ ਸਿੰਘ (ਸੂਬਾ ਸੁਖਦੇਵ ਸਿੰਘ ਜੀ ਦੇ ਪਿਤਾ) ਤੇ ਸੰਤ ਪ੍ਰੀਤਮ ਸਿੰਘ ਵੀ ਹੁੰਦੇ ਸਨ। ਇਹ ਤਿੰਨੋ ਜਾਣੇ ਸਤਿਗੁਰੂ ਜੀ ਦੇ ਅੰਬੈਸਡਰ ਸਨ। ਇਹ ਏਥੇ ਕੌਂਸਲਰ ਸਨ। ਜਦੋਂ ਸਕੂਲ ਵੀ ਸ਼ੁਰੂ ਕੀਤਾ ਉਦੋਂ ਵੀ ਬੱਚਿਆਂ ਨੂੰ ਲਿਆਉਣ ਤਕ ਦੀ ਜ਼ਿੰਮੇਦਾਰੀ ਇਹਨਾ ਨੇ ਆਪ ਨਿਭਾਈ। ਸਤਿਗੁਰੂ ਜਗਜੀਤ ਸਿੰਘ ਜੀ ਦੇ ਦੇਹ ਕਰਕੇ ਢਿੱਲੇ ਹੋਣ ਤੋਂ ਬਾਅਦ ਮਾਤਾ ਚੰਦ ਕੌਰ ਜੀ ਨੇ ਇਹਨਾਂ ਕੋਲੋਂ ਜਿੱਥੇ-ਜਿੱਥੇ ਲੋੜ ਹੋਈ ਉਥੇ ਸੇਵਾ ਲਈ। ਸ੍ਰੀ ਭੈਣੀ ਸਾਹਿਬ ਦੇ ਪ੍ਰਬੰਧ ਵਿਚ ਵੀ ਇਹਨਾ ਨੇ ਸੇਵਾ ਨਿਭਾਈ। ਆਪਣੇ ਘਰ ਨਾਲੋਂ ਜਿਆਦਾ ਸਤਿਗੁਰੂ ਜੀ ਦੇ ਘਰ ਦੀ ਸੇਵਾ ਨੂੰ ਨਿਭਾ ਕੇ ਗਏ ਨੇ। ਸਤਿਗੁਰੂ ਜੀ ਕਿਰਪਾ ਕਰਨ ਸਾਡਾ ਜੀਵਨ ਵੀ ਇਸਤਰਾਂ ਸੇਵਾ ਵਿੱਚ ਲੰਘ ਜਾਵੇ। ਸਤਿਗੁਰੂ ਜੀ ਦੇ ਉਪਦੇਸ਼ ਤੋ ਬਾਅਦ ਨੌਂਵੇਂ ਮਹੱਲੇ ਦੇ ਸਲੋਕ ਮਹੰਤ ਪ੍ਰਤੀਮ ਸਿੰਘ ਜੀ ਵਲੋਂ ਪੜੇ ਗਏ। ਉਪਰੰਤ ਸੂਬਾ ਬਲਵਿੰਦਰ ਸਿੰਘ ਜੀ ਨੇ ਅਰਦਾਸ ਕੀਤੀ। ਵੱਡੀ ਗਿਣਤੀ ਵਿੱਚ ਕਈ ਪ੍ਰਾਂਤਾਂ ਤੋ ਸਾਧ ਸੰਗਤ, ਸੂਬਾ ਸਾਹਿਬਾਨ, ਕਈ ਕਮੇਟੀਆਂ 'ਤੇ ਅਦਾਰਿਆਂ ਦੇ ਪ੍ਰਬੰਧਕ ਇਸ ਸਮਾਗਮ ਵਿੱਚ ਸ਼ਰਧਾ ਸੁਮਨ ਭੇਟ ਕਰਨ ਲਈ ਆਏ ਸਨ। ਸੰਤ ਮਹਿੰਦਰ ਸਿੰਘ ਜੀ ਦੇ ਪੁੱਤਰ ਸੰਤ ਜੁਝਾਰ ਸਿੰਘ, ਸੰਤ ਕੁਲਦੀਪ ਸਿੰਘ ਤੇ ਸੰਤ ਬਲਵੰਤ ਸਿੰਘ ਜੀ ਵਲੋਂ ਸਾਰਿਆਂ ਦਾ ਵਿਸ਼ੇਸ਼ ਧੰਨਵਾਦ ਕੀਤਾ ਗਿਆ।

**ਜਥੇ. ਨਿਸ਼ਾਨ ਸਿੰਘ ਦਿੱਲੀ**

# ਸਭ ਤੇ ਊਚ ਜਾ ਕਾ ਦਰਬਾਰ









Date of Publication: 21 March 2026
Date of Posting: 23 March 2026

RNI NO.55658/93
LDM/008/2021-2023

ਮੇਲੇ ਦੀ ਸੇਵਾ ਕਰਾਉਣ ਵਾਲਾ ਸ. ਬਲਦੇਵ ਸਿੰਘ ਬਾਜਵਾ ਦਾ
ਪਰਿਵਾਰ ਸ੍ਰੀ ਸਤਿਗੁਰੂ ਜੀ ਨਾਲ ਯਾਦਗਾਰੀ ਤਸਵੀਰ ਕਰਵਾਉਂਦਾ ਹੋਇਆ।



Printed and Published by Mr. Harvendra Singh Hanspal on behalf of Namdhari Darbar.
Printed at Summit advertising press, 2DLF (Part), Moti Nagar, New Delhi
and Published from Namdhari Gurdwara, ramesh Nagar, New delhi- 110015.